

# ਸਿੱਖ ਇਤਿਹਾਸ

## ਭਾਗ-੧

ਪ੍ਰੋ. ਕਰਤਾਰ ਸਿੰਘ ਐਮ.ਏ.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

*ਪ੍ਰਕਾਸ਼ਕ:*

ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

ਜੂਨ, ੨੦੧੨ ੧੦,੦੦੦

*ਛਾਪਣ ਵਾਲੇ :*

ਗੋਲਡਨ ਆਫਸੈਟ ਪ੍ਰੈਸ, (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

## ਤਤਕਰਾ

ਸੈਂਚੀ ਪਹਿਲੀ ਸ੍ਰੀ ਗੁਰੂ ਨਾਨਕ ਦੇਵ ਜੀ ੭-੧੧੨
ਕਾਂਡ ੧ ਸਮੇਂ ਦੇ ਰੰਗ ਤੇ ਸਮੇਂ ਦੀ ਮੰਗ-੧ ੯
" ੨ ਸਮੇਂ ਦੇ ਰੰਗ ਤੇ ਸਮੇਂ ਦੀ ਮੰਗ-੨ ੧੮
" ੩ ਜਨਮ ਤੇ ਬਾਲ-ਲੀਲ੍ਹਾ ੨੭
" ੪ ਵਿਦਿਆ, ਸ਼ਾਗਿਰਦੀ-ਉਸਤਾਦੀ ੩੧
" ੫ ਗਊਆਂ ਮੱਝਾਂ ਦੇ ਵਾਗੀ ੩੮
" ੬ ਜਨੇਊ ੪੩
" ੭ ਵੈਦ ਰੋਗੀਆਂ ਦਾ ਖਰਾ (ਸੱਚਾ) ਸੌਦਾ ੪੭
" ੮ ਵਿਹਾਰਕ ਤੇ ਗ੍ਰਿਹਸਤੀ ਜੀਵਨ ੫੪
" ੯ ਚੜ੍ਹਿਆ ਸੋਧਣ ਧਰਤਿ ਲੋਕਾਈ ੫੮
" ੧੦ ਪੰਜਾਬ ਦਾ ਦੌਰਾ-੧ ੬੨
" ੧੧ ਪੰਜਾਬ ਦਾ ਦੌਰਾ-੨ ੬੭
" ੧੨ ਪਹਿਲੀ ਉਦਾਸੀ ਪੂਰਬ ਦੀ-੧ ੭੦
" ੧੩ ਪਹਿਲੀ ਉਦਾਸੀ ਪੂਰਬ ਦੀ-੨ ੭੪
" ੧੪ ਮੁੜ ਪੰਜਾਬ ਵਿੱਚ ੭੮
" ੧੫ ਦੂਜੀ ਉਦਾਸੀ ਦੱਖਣ ਦੀ ੮੧
" ੧੬ ਤੀਜੀ ਉਦਾਸੀ ਉੱਤਰਾ ਖੰਡ ਦੀ ੮੮
" ੧੭ ਚੌਥੀ ਉਦਾਸੀ ਪੱਛਮ ਦੀ-੧ ੯੩
" ੧੮ ਚੌਥੀ ਉਦਾਸੀ ਪੱਛਮ ਦੀ-੨ ੧੦੦
" ੧੯ ਮੁੜ ਪੰਜਾਬੇ ੧੦੫
" ੨੦ ਮੁਲਤਾਨ ਫੇਰੀ, ਸੱਚ-ਖੰਡ ਵਾਪਸੀ ੧੧੦
ਸੈਂਚੀ ਦੂਜੀ ਸ੍ਰੀ ਗੁਰੂ ਅੰਗਦ ਦੇਵ ਜੀ ੧੧੩-੧੩੮
ਕਾਂਡ ੧ ਗੁਰ-ਮਿਲਾਪ ਤੋਂ ਪਹਿਲਾਂ ੧੧੫

| | |
|---|---|
| ਕਾਂਡ ੨ ਗੁਰ-ਮਿਲਾਪ | ੧੧੯ |
| " ੩ ਗੁਰ-ਦਰਬਾਰੇ ਘਾਲ ਕਮਾਈ | ੧੨੨ |
| " ੪ ਪ੍ਰੀਖਿਆ, ਪ੍ਰਤਾਵੇ ਤੇ ਗੁਰ-ਗੱਦੀ | ੧੨੫ |
| " ੫ ਗੁਰਿਆਈ ਦਾ ਸਮਾਂ | ੧੩੧ |
| ਸੈਂਚੀ ਤੀਜੀ-ਸ੍ਰੀ ਗੁਰੂ ਅਮਰਦਾਸ ਜੀ | ੧੩੯-੧੬੬ |
| ਕਾਂਡ ੧ ਗੁਰ ਮਿਲਾਪ ਤੋਂ ਪਹਿਲਾਂ | ੧੪੧ |
| " ੨ ਗੁਰ-ਮਿਲਾਪ, ਗੁਰ-ਦੁਆਰੇ, ਘਾਲ, ਗੁਰ-ਗੱਦੀ | ੧੪੫ |
| " ੩ ਦਾਸੂ ਜੀ, ਦਾਤੂ ਜੀ, ਸੰਨ੍ਹ ਸਾਹਿਬ | ੧੫੧ |
| " ੪ ਸਮਾਜ ਸੁਧਾਰ | ੧੫੫ |
| " ੫ ਉਪਦੇਸ਼, ਉਪਕਾਰ, ਪ੍ਰਚਾਰ ਸੱਚ-ਖੰਡ ਵਾਪਸੀ | ੧੬੨ |
| ਸੈਂਚੀ ਚੌਥੀ ਸ੍ਰੀ ਗੁਰੂ ਰਾਮਦਾਸ ਜੀ | ੧੬੮-੧੮੪ |
| ਕਾਂਡ ੧ ਗੁਰਿਆਈ ਤੋਂ ਪਹਿਲਾਂ ਦਾ ਸਮਾਂ | ੧੭੦ |
| " ੨ ਗੁਰਿਆਈ ਦਾ ਸਮਾਂ-੧ | ੧੭੬ |
| " ੩ ਗੁਰਿਆਈ ਦਾ ਸਮਾਂ -੨ | ੧੮੧ |
| ਸੈਂਚੀ ਪੰਜਵੀਂ ਸ੍ਰੀ ਗੁਰੂ ਅਰਜਨ ਦੇਵ ਜੀ | ੧੮੫-੨੨੧ |
| ਕਾਂਡ ੧ ਗੁਰਿਆਈ ਤੋਂ ਪਹਿਲਾਂ ਦਾ ਸਮਾਂ | ੧੮੭ |
| " ੨ ਪਿਰਥੀਏ ਦੀ ਵਿਰੋਧਤਾ | ੧੯੨ |
| " ੩ ਸਾਂਝੇ ਉਸਾਰੂ ਕੰਮ ਤੇ ਰਚੇ ਅਸਥਾਨ | ੧੯੯ |
| " ੪ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਦੀ ਤਿਆਰੀ | ੨੦੮ |
| " ੫ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | ੨੧੪ |
| ਸੈਂਚੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੨੨੨-੨੬੮ |
| ਕਾਂਡ ੧ ਜਨਮ, ਬਾਲਪਨ ਤੇ ਸਿਖਲਾਈ | ੨੨੪ |
| " ੨ ਗੁਰਿਆਈ, ਸਿੱਖ ਫੌਜ ਦੀ ਨੀਂਹ | ੨੩੧ |
| " ੩ ਗੁਰੂ ਜੀ ਤੇ ਜਹਾਂਗੀਰ | ੨੩੫ |





| | |
|---|---|
| ਕਾਂਡ ੪ ਗੁਰ-ਪ੍ਰਵਾਰ, ਗੁਰਸਿੱਖੀ ਪ੍ਰਚਾਰ | ੨੪੧ |
| " ੫ ਰਚੇ ਅਸਥਾਨ ਤੇ ਨੱਗਰ | ੨੪੯ |
| " ੬ ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗ | ੨੫੩ |
| " ੭ ਅਮਨ ਦੇ ਦਿਨ, ਸਿੱਖੀ ਪ੍ਰਚਾਰ, ਸੱਚ-ਖੰਡ ਵਾਪਸੀ | ੨੬੩ |
| ਸੈਂਚੀ ਸਤਵੀਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੨੬੯-੨੮੭ |
| ਕਾਂਡ ੧ ਗੁਰਿਆਈ ਤੋਂ ਪਹਿਲਾਂ ਦਾ ਸਮਾਂ | ੨੭੧ |
| " ੨ ਗੁਰਿਆਈ ਦਾ ਸਮਾਂ-੧ | ੨੭੫ |
| " ੩ ਗੁਰਿਆਈ ਦਾ ਸਮਾਂ-੨ | ੨੮੧ |
| ਸੈਂਚੀ ਅੱਠਵੀਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੨੮੯-੩੦੦ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੨੯੧ |
| ਸੈਂਚੀ ਨੌਵੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੩੦੧-੩੪੪ |
| ਕਾਂਡ ੧ ਜਨਮ ਬਾਲਪਨ, ਤਿਆਰੀ, ਗੁਰਿਆਈ | ੩੦੩ |
| " ੨ ਧੀਰਮੱਲ ਦਾ ਵਿਰੋਧ ਅਨੰਦਪੁਰ ਦੀ ਰਚਨਾ | ੩੧੧ |
| " ੩ ਮਾਲਵੇ ਤੇ ਬਾਂਗਰ ਦੇਸ਼ ਦਾ ਦੌਰਾ | ੩੧੬ |
| " ੪ ਪੂਰਬ ਦਾ ਚੱਕਰ, ਦਸਮੇਸ਼ ਜੀ ਦਾ ਜਨਮ | ੩੨੧ |
| " ੫ ਔਰੰਗਜ਼ੇਬੀ ਅਤਿਆਚਾਰ | |
| ਕਸ਼ਮੀਰੀ ਪੰਡਤਾਂ ਦੀ ਪੁਕਾਰ | ੩੨੬ |
| " ੬ ਗ੍ਰਿਫਤਾਰੀ ਦੇ ਹੁਕਮ, ਤੂਫਾਨੀ ਦੌਰਾ | ੩੩੨ |
| " ੭ ਪਵਿੱਤਰ ਸ਼ਹੀਦੀ | ੩੩੭ |
| ਸੈਂਚੀ ਦਸਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੩੪੫-੪੫੬ |
| ਕਾਂਡ ੧ ਜਨਮ ਤੇ ਬਾਲ ਲੀਲ੍ਹਾ | ੩੪੭ |
| " ੨ ਅਨੰਦਪੁਰੀ ਜੀਵਨ, ਪਹਿਲੀ ਕੁਰਬਾਨੀ | ੩੫੫ |
| " ੩ ਤਿਆਰੀ ਅਦੁੱਤੀ, ਪ੍ਰੇਮ-ਭੇਟਾ ਪਾਉਂਟੇ ਦੀ ਰਚਨਾ | ੩੬੩ |
| " ੪ ਵਿਆਹ ਤੇ ਸੰਤਾਨ | ੩੭੩ |

ਕਾਂਡ ੫ ਭੰਗਾਣੀ ਯੁੱਧ ੩੭੭
" ੬ ਨਾਦੌਣ ਯੁੱਧ, ਹੁਸੈਨੀ ਯੁੱਧ, ਸ਼ਾਹਜ਼ਾਦਾ ਮੁਅੱਜ਼ਮ ੩੮੩
" ੭ ਅਮਨ ਸਮੇਂ ਦੇ ਕੌਤਕ ੩੮੭
" ੮ ਖਾਲਸਾ-ਪੰਥ ਦੀ ਸਾਜਣ ਦਾ ਫੈਸਲਾ ੩੯੩
" ੯ ਖਾਲਸਾ-ਪੰਥ ਦੀ ਸਾਜਣਾ ੩੯੮
"੧੦ ਅੰਮ੍ਰਿਤ ਦੀ ਕਰਾਮਾਤ,
ਖਾਲਸੇ ਦੀ ਮਹਿਮਾ ਵੀਰਤਾ-ਜਗਾਊ ਸਾਧਨ ੪੦੬
" ੧੧ ਪਹਾੜੀ ਰਾਜਿਆਂ ਦੇ ਅਪਵਿੱਤਰ ਇਰਾਦੇ ੪੧੪
" ੧੨ ਸ੍ਰੀ ਅਨੰਦਪੁਰ ਦਾ ਜੰਗ ੪੧੯
" ੧੩ ਚਮਕੌਰ ਯੁੱਧ, ਉਚ ਦੇ ਪੀਰ ੪੨੮
" ੧੪ ਛੋਟੇ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ, ਜ਼ਫਰਨਾਮਾ ੪੩੫
" ੧੫ ਮੁਕਤਸਰ ਦਾ ਯੁੱਧ ੪੪੧
" ੧੬ ਲੱਖੀ ਜੰਗਲ, ਦਮਦਮਾ ਸਾਹਿਬ, ਦਾਦੂ ਦੁਆਰਾ ੪੪੬
" ੧੭ ਸੱਚ-ਖੰਡ ਵਾਪਸੀ ੪੫੩

❀ ❀ ❀

ਸੈਂਚੀ ਪਹਿਲੀ

# ਸ੍ਰੀ ਗੁਰੂ ਨਾਨਕ ਦੇਵ ਜੀ

(ਸੰਮਤ ੧੫੨੬-੧੫੯੬ ਸੰਨ ੧੪੬੯-੧੫੩੯)

# ਜਗਤ-ਫੇਰੀ ਦਾ ਸੰਖੇਪ

**ਜਨਮ–** ਵੈਸਾਖ ਸੁਦੀ ੩ (੨੦ ਵੈਸਾਖ) ਸੰਮਤ ੧੫੨੬ ਮੁਤਾਬਿਕ ੧੫ ਅਪ੍ਰੈਲ ਸੰਨ ੧੪੬੯ ਸਨਿੱਚਰਵਾਰ ।

**ਜਨਮ ਅਸਥਾਨ–** ਸ੍ਰੀ ਨਨਕਾਣਾ ਸਾਹਿਬ (ਜਿਸ ਦਾ ਪਹਿਲਾ ਨਾਂ ਰਾਇ ਭੋਇ ਦੀ ਤਲਵੰਡੀ ਸੀ) ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ ।

**ਮਾਤਾ-ਪਿਤਾ–** ਪਿਤਾ:- ਮਹਿਤਾ ਕਲਿਆਨ ਦਾਸ ਜੀ (ਬਾਬਾ ਕਾਲੂ ਜੀ) ਮਾਤਾ ਸ੍ਰੀ ਤ੍ਰਿਪਤਾ ਜੀ ।

**ਵਿਆਹ–** ਪੱਖੋਕੇ ਰੰਧਾਵੇ (ਜ਼ਿਲ੍ਹਾ ਗੁਰਦਾਸਪੁਰ) ਦੇ ਵਸਨੀਕ ਸ੍ਰੀ ਮੂਲ ਚੰਦ ਜੀ ਦੀ ਸਪੁੱਤਰੀ ਸ੍ਰੀ ਸੁਲੱਖਣੀ ਜੀ ਨਾਲ ਸੰਮਤ ੧੫੪੪ ਵਿੱਚ ਹੋਇਆ ।

**ਸੰਤਾਨ–** ਬਾਬਾ ਸ੍ਰੀ ਚੰਦ ਜੀ (ਜਨਮ : ਸੰਮਤ ੧੫੫੧ ਮੁ: ਸੰਨ ੧੪੯੪), ਬਾਬਾ ਲਖਮੀ ਦਾਸ ਜੀ (ਜਨਮ : ਸੰਮਤ ੧੫੫੩ ਮੁ: ਸੰਨ ੧੪੯੭)।

**ਪਹਿਲੀ ਉਦਾਸੀ–** ਪੂਰਬ ਦੀ, ਸੰਮਤ ੧੫੫੪ ਤੋਂ ੧੫੬੫ (ਸੰਨ ੧੪੯੭ ਤੋਂ ੧੫੦੮) ।

**ਦੂਜੀ ਉਦਾਸੀ–** ਦੱਖਣ ਦੀ, ਸੰਮਤ ੧੫੬੭ ਤੋਂ ੧੫੭੨ (ਸੰਨ ੧੫੧੦ ਤੋਂ ੧੫੧੫) ।

**ਤੀਜੀ ਉਦਾਸੀ–** ਉੱਤਰ ਦੀ, ਸੰਮਤ ੧੫੭੩ ਤੋਂ ੧੫੭੫ (ਸੰਨ ੧੫੧੬ ਤੋਂ ੧੫੧੮) ।

**ਚੌਥੀ ਉਦਾਸੀ–** ਪੱਛਮ ਦੀ, ਸੰਮਤ ੧੫੭੫ ਤੋਂ ੧੫੭੯ (ਸੰਨ ੧੫੧੮ ਤੋਂ ੧੫੨੨) ।

**ਨਗਰ ਵਸਾਇਆ–** ਸ੍ਰੀ ਕਰਤਾਰਪੁਰ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਪਹਿਲੀ ਉਦਾਸੀ ਮਗਰੋਂ ।

**ਸ੍ਰੀ ਕਰਤਾਰਪੁਰ ਜਾ ਟਿਕੇ–** ਸੰਮਤ ੧੫੭੯ (ਸੰਨ ੧੫੨੨)।

---

**ਪੰਜਵੀਂ ਉਦਾਸੀ–** ਅਚਲ ਵਟਾਲੇ ਤੇ ਮੁਲਤਾਨ ਦੀ ਸੰਮਤ ੧੫੮੬ ਤੋਂ ੧੫੮੮ ।

**ਜੋਤੀ ਜੋਤ ਸਮਾਏ–** ਸ੍ਰੀ ਕਰਤਾਰ ਪੁਰ (ਪਾਕਿਸਤਾਨ), ਅੱਸੂ ਵਦੀ ੧੭ (੭ ਅੱਸੂ ਸੰਮਤ ੧੫੯੬ ਮੁਤਾਬਕ ੭ ਸਤੰਬਰ ਸੰਨ ੧੫੩੯)



# ਜੀਵਨ-ਸਾਖੀ

## ਕਾਂਡ ੧

## ਸਮੇਂ ਦੇ ਰੰਗ ਤੇ ਸਮੇਂ ਦੀ ਮੰਗ-੧

ਮੁੱਢ ਕਦੀਮਾਂ ਤੋਂ ਪੂਰਬ ਵਿੱਚ ਵੀ ਅਤੇ ਪੱਛਮ ਵਿੱਚ ਇਹ ਖਿਆਲ ਤੁਰਿਆ ਆ ਰਿਹਾ ਹੈ ਕਿ ਸੰਸਾਰ ਦੀਆਂ ਮਹਾਨ ਵਿਅਕਤੀਆਂ ਮਨੁੱਖਤਾ ਉਤੇ ਆ ਬਣੀ, ਕਿਸੇ ਅੱਤ ਦੀ ਭੀੜ ਸਮੇਂ ਪ੍ਰਗਟ ਹੁੰਦੀਆਂ ਹਨ । ਉਨ੍ਹਾਂ ਦੇ ਜ਼ੁੰਮੇ ਸਮੇਂ ਦੀ ਮੰਗ ਮੂਜਬ ਕੋਈ ਖਾਸ ਕੰਮ ਲਗਦਾ ਹੈ । ਜਦ ਜ਼ੁਲਮਾਂ ਜਾਂ ਅਗਿਆਨਤਾ ਦੀ ਓੜਕ ਹੋ ਜਾਂਦੀ ਹੈ ਅਤੇ ਮਨੁੱਖਤਾ ਪਾਪਾਂ ਅਪਰਾਧਾਂ ਦੇ ਘੋਰ ਤੇ ਘੁਪ ਘੇਰ ਭਰੇ ਚੱਕਰ ਵਿੱਚ ਫਸ ਕੇ ਪਸ਼ੂਪੁਣੇ ਦੀ ਡੂੰਘੀ ਨਿਵਾਣ ਤੀਕ ਜਾ ਡਿੱਗਦੀ ਹੈ; ਜਦ ਰਾਜ ਤੇ ਸਮਾਜ ਵੱਲੋਂ ਕੀਤੇ ਜਾ ਰਹੇ ਅਤਿਆਚਾਰਾਂ ਦੇ ਨਾਲ ਪੀੜੀ ਤੇ ਮਿੱਧੀ-ਮਧੋਲੀ ਜਾ ਰਹੀ ਜਨਤਾ ਬਿਹਬਲ ਹੋ ਕੇ ਪੁਕਾਰ ਉਠਦੀ ਹੈ । ਜਦ ਧਰਮ ਤੇ ਨੇਕੀ ਦੇ ਪੂਰਨ ਪਰਹਾਰ ਅਤੇ ਅਧਰਮ ਤੇ ਬਦੀ ਦੇ ਖੁਲ੍ਹੇ ਪ੍ਰਚਾਰ ਦਾ ਤੋਰਾ ਟੁਰ ਪੈਂਦਾ ਹੈ; ਤਾਂ ਕੁਰਲਾੱ ਪੁਕਾਰ ਰਹੀ ਮਨੁੱਖਤਾ ਦੀ ਬਹੁੜੀ ਕਰਨ ਲਈ, ਸੰਸਾਰ ਦੀ ਹਾਲਤ ਸੋਧਨ ਸੁਧਾਰਨ ਲਈ, ਜਗਤ ਜਲੰਦੇ ਨੂੰ ਠਾਰਨ, ਰੱਖਣ ਤੇ ਬਚਾਉਣ ਲਈ ਜ਼ਾਲਮਾਂ ਅਤਿਆਚਾਰੀਆਂ ਨੂੰ ਕੁਕਰਮਾਂ ਤੋਂ ਵਰਜਣ ਤੇ ਡੱਕਣ ਲਈ ਧਰਮ ਤੇ ਨੇਕੀ ਦੀਆਂ ਤਾਕਤਾਂ ਨੂੰ ਸੁਰਜੀਤ ਤੇ ਬਲਵਾਨ ਕਰਨ ਲਈ, ਅਗਿਆਨਤਾ ਦੇ ਹਨੇਰੇ ਵਿੱਚ ਠੋਕਰਾਂ ਖਾ ਰਹੀ ਮਨੁੱਖਤਾ ਨੂੰ ਜੀਵਨ-ਦਾਤ ਗਿਆਨ ਦਾ ਚਾਨਣ ਦੇ ਕੇ ਸੱਚੇ ਅਤੇ ਸਿੱਧੇ ਰਾਹੇ ਪਾਉਣ ਲਈ ਡਿੱਗੇ ਹੋਇਆਂ ਨੂੰ ਚੁੱਕ ਕੇ ਉਨਤੀ ਦੇ ਰਾਹੇ ਤੋਰਨ ਲਈ, ਦੁਖੀਆਂ ਦਾ ਦਰਦ ਵੰਡਾ

ਕੇ ਉਨ੍ਹਾਂ ਨੂੰ ਸੱਚੇ ਸੁਖ ਦੀ ਝਲਕ ਵਿਖਾਲਣ ਤੇ ਉਸ ਦੀ ਪ੍ਰਾਪਤੀ ਦੀ ਜਾਂਚ ਸਿਖਾਲਣ ਲਈ ਸੰਸਾਰ ਦਾ ਮਾਲਕ ਤੇ ਪ੍ਰਤਿਪਾਲਕ ਆਪਣੇ ਕਿਸੇ ਖਾਸ ਪਿਆਰੇ ਨੂੰ ਮਨੁੱਖੀ ਜਾਮਾ ਦੇ ਕੇ ਧਰਤੀ ਉਪਰ ਭੇਜਦਾ ਹੈ । ਇਹ ਖਿਆਲ ਜਾਪਦਾ ਸੱਚਾ ਹੈ । ਦੁਨੀਆਂ ਦੇ ਇਤਿਹਾਸ ਵੱਲ ਝਾਤੀ ਮਾਰੀਏ, ਤਾਂ ਪਤਾ ਲੱਗਦਾ ਹੈ ਕਿ ਜਿੰਨ੍ਹੇ ਵੀ ਧਰਮ ਧਰਤੀ ਉਤੇ ਪ੍ਰਚਲਿਤ ਹੋਏ ਹਨ, ਉਹਨਾਂ ਦੇ ਮੋਢੀ ਜਾਂ ਨੀਂਹ-ਰੱਖ ਅਜਿਹੇ ਦੇਸ਼ਾਂ ਵਿੱਚ ਪ੍ਰਗਟ ਹੋਏ ਜਿਥੇ ਅਜੇਹੀ ਅੱਤ ਹੋ ਚੁੱਕੀ ਸੀ ਅਤੇ ਅਜਿਹੇ ਸਮੇਂ ਤੇ ਪ੍ਰਗਟ ਹੋਏ ਜਦ ਜਨਤਾ ਨੂੰ ਰੱਖਿਅਕ ਅਤੇ ਚਾਨਣ-ਦਾਤੇ ਦੀ ਸਿਰੋਂ-ਪਰੇ ਲੋੜ ਸੀ ।

ਇਸ ਖਿਆਲ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿੱਚ ਇਉਂ ਪ੍ਰਗਟਾਇਆ ਹੈ :–

*"ਜਦ ਧਰਮ ਵਿੱਚ ਗਿਲਾਨੀ ਤੇ ਗਿਰਾਵਟ ਆ ਜਾਵੇ ਅਤੇ ਅਧਰਮ ਦੀ ਚੜ੍ਹ ਮੱਚ ਜਾਵੇ, ਤਦ ਮੈਂ ਆਪ ਪ੍ਰਗਟ ਹੁੰਦਾ ਹਾਂ ।*

*ਸੰਤਾਂ ਤੇ ਧਰਮੀ ਬੰਦਿਆਂ ਦੀ ਰੱਖਿਆ ਕਰਨ ਦੀ ਖ਼ਾਤਰ, ਦੂਤਾਂ, ਦੁਸ਼ਟਾਂ ਦਾ ਸੁਧਾਰ ਤੇ ਨਾਸ ਕਰਨ ਲਈ ਮੈਂ ਜੁਗ-ਜੁਗ ਵਿੱਚ ਅਵਤਾਰ ਧਾਰਨ ਕਰਦਾ ਹਾਂ ।"*

ਇਸੇ ਸੰਸਾਰ ਪ੍ਰਚੱਲਤ ਨਿਸਚੇ ਨੂੰ ਪ੍ਰਗਟ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਤਿਗੁਰੂ (ਸੱਚਾ ਗੁਰੂ) ਓਦੋਂ ਅਵਤਾਰ ਧਾਰ ਕੇ ਜਗ ਵਿੱਚ ਆਉਂਦਾ ਹੈ ਜਦੋਂ:–

*ਉਠੇ ਗਿਲਾਨਿ ਜਗਤਿ ਵਿਚਿ, ਵਰਤੇ ਪਾਪ ਭ੍ਰਿਸਟਿ ਸੰਸਾਰਾ।*
*ਵਰਨਾ ਵਰਨ ਨ ਭਾਵਨੀ, ਖਹਿ ਖਹਿ ਜਲਨ ਬਾਂਸਅੰਗਿਆਰਾ।*
*[1]ਨਿੰਦਿਆ ਚਲੇ ਵੇਦ ਕੀ, ਸਮਝਨਿ ਨਹਿ ਅਗਿਆਨਿ ਗੁਬਾਰਾ ।*
*ਸਤਿਗੁਰ ਬਾਝੁ ਨ ਬੁਝੀਐ, ਜਿੱਚਰੁ ਧਰੇ ਨ ਪ੍ਰਭੁਅਵਤਾਰਾ ।*

੧ ਇਥੇ ਵੇਦ ਤੋਂ ਭਾਵ ਧਰਮ-ਗ੍ਰੰਥਾਂ ਤੇ ਧਰਮ ਤੋਂ ਹੈ । ਲੋਕ ਧਰਮ ਗ੍ਰੰਥਾਂ ਦੀ ਨਿੰਦਿਆ ਕਰਦੇ ਸਨ ਅਤੇ ਧਰਮ ਤੋਂ ਦੂਰ ਜਾ ਚੁੱਕੇ ਸਨ ।



*ਚੜ੍ਹੇ ਸੂਰ[1] ਮਿਟਿ ਜਾਇ ਅੰਧਾਰਾ ।*
*(ਵਾਰ ੧, ਪਉੜੀ ੧੭)*

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿੱਚ ਪ੍ਰਚਲਿਤ ਹੋਈ ਪਾਪ-ਗਰਦੀ ਅਤੇ ਉਸ ਤੋਂ ਉਪਜੀ ਮਨੁੱਖੀ ਅਧੋਗਤੀ ਨੂੰ ਬਿਆਨ ਕਰਨ ਮਗਰੋਂ ਭਾਈ ਗੁਰਦਾਸ ਜੀ ਲਿਖਦੇ ਹਨ–

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।*
*(ਵਾਰ ੧, ੨੩)*

ਆਓ, ਵਿਚਾਰੀਏ ਕਿ ਉਹ ਪੁਕਾਰ ਕੀ ਸੀ ਤੇ ਉਸ ਦਾ ਕਾਰਨ ਕੀ ਸੀ ? ਫਿਰ ਇਹ ਵੀ ਵਿਚਾਰੀਏ ਕਿ ਉਹ ਖਾਸ ਜ਼ਰੂਰੀ ਅਤੇ ਅਤਿ ਔਖਾ ਕੰਮ ਕੀ ਸੀ, ਜਿਸ ਦੀ ਪੂਰਤੀ ਵਾਸਤੇ ਸਿਰਜਣਹਾਰ ਦਾਤਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਵਿੱਚ ਭੇਜਿਆ ।

## ਪੁਕਾਰ

ਉਹ ਪੁਕਾਰ ਸਾਦ-ਮੁਰਾਦੀ ਜਿਹੀ, ਇਕ-ਅੰਗੀ, ਇਕ-ਤੰਦੀ ਜਾਂ ਇਕ ਪੱਖੀ ਨਹੀਂ ਸੀ । ਉਹ ਤਾਂ ਹਰ ਸ਼੍ਰੇਣੀ ਦੇ ਦੁਖੀ ਇਨਸਾਨਾਂ ਦੇ ਹਿਰਦਿਆਂ ਤੋਂ ਦਿਨੇ ਰਾਤ ਉਠ ਰਹੀਆਂ ਅਨੇਕਾਂ ਕੁਰਲ੍ਹਾਟਾਂ ਤੇ ਵਿਲ੍ਹਕਣੀਆਂ, ਮਿੰਨਤਾਂ ਤੇ ਦੁਹਾਈਆਂ ਦੀ ਰਲਵੀਂ ਆਵਾਜ਼ ਸੀ ।

### ੧

ਸਭ ਤੋਂ ਪਹਿਲਾਂ ਤੇ ਸਭ ਤੋਂ ਵੱਧ ਦਿਲ-ਹਿਲਾਊ ਸੀ, ਪਰਜਾ ਦੀ ਹਕੂਮਤ ਵਿਰੁੱਧ ਪੁਕਾਰ । ਰਾਜ ਉਪੱਦਰ ਜ਼ੋਰਾਂ ’ਤੇ ਸੀ, ਥੋੜ੍ਹਿਆਂ ਦੇ ਲਾਭਾਂ ਖ਼ਾਤਰ ਕਾਇਮ ਕੀਤਾ ਹਇਆ ਤੇ ਚੱਲ ਰਿਹਾ ਥੋੜ੍ਹਿਆਂ ਜਿਹਿਆਂ ਦਾ ਆਪ-ਹੁਦਰਾ ਰਾਜ ਜਨਤਾ ਨੂੰ ਹਰ ਪ੍ਰਕਾਰ ਦੇ

੧ ਸੂਰਜ । ਜਿਵੇਂ ਸੂਰਜ ਦੇ ਚੜ੍ਹਨ ’ਤੇ ਹਨੇਰਾ ਦੂਰ ਹੋ ਜਾਂਦਾ ਹੈ । ਤਿਵੇਂ ਹੀ ਸੱਚੇ ਗੁਰੂ ਦੇ ਪ੍ਰਗਟ ਹੋਣ ’ਤੇ ਜਗਤ ਵਿੱਚੋਂ ਅਗਿਆਨਤਾ ਦੂਰ ਹੋ ਜਾਂਦੀ ਹੈ ।

ਜ਼ੁਲਮਾਂ ਤੇ ਅਤਿਆਚਾਰਾਂ ਦਾ ਸ਼ਿਕਾਰ ਬਣਾ ਰਿਹਾ ਸੀ। ਨਾਂ ਨੂੰ ਤਾਂ ਰਾਜ ਦਿੱਲੀ ਦੇ ਪਾਤਸ਼ਾਹ ਦਾ ਸੀ, ਪਰ ਹਕੂਮਤ ਦੀ ਅਸਲੀ ਤਾਕਤ ਤੇ ਉਸ ਦੀ ਵਰਤੋਂ ਹੋਰਨਾਂ ਦੇ ਹੱਥਾਂ ਵਿੱਚ ਸੀ । ਦੇਸ਼ ਦੇ ਟੋਟੇ ਕਰ-ਕਰ ਕੇ ਨਵਾਬਾਂ ਤੇ ਹਾਕਮਾਂ ਦੇ ਹਵਾਲੇ ਕੀਤੇ ਹੋਏ ਸਨ । ਇਹ ਨਵਾਬ ਅਤੇ ਹਾਕਮ ਆਪੋ ਆਪਣੇ ਇਲਾਕਿਆਂ ਵਿੱਚ ਹਰ ਪ੍ਰਕਾਰ ਦੀਆਂ ਮਨ-ਆਈਆਂ ਕਰ ਸਕਦੇ ਸਨ । ਜੋ ਕੁਝ ਉਨ੍ਹਾਂ ਦੇ ਮੂੰਹੋਂ ਨਿਕਲਦਾ ਜਾਂ ਸੈਨਤ ਰਾਹੀਂ ਪ੍ਰਗਟ ਹੁੰਦਾ ਸੀ, ਉਹ ਹੀ ਕਾਨੂੰਨ ਸੀ ਤੇ ਓਹੋ ਹੀ ਨਿਆਂ ਸੀ ਅਤੇ ਉਸ ਦੇ ਮੁਜਬ ਹੀ ਪਰਜਾ ਨਾਲ ਸਲੂਕ ਵਰਤਾਰਾ ਹੁੰਦਾ ਸੀ । ਉਨ੍ਹਾਂ ਦੇ ਕਾਮ, ਕ੍ਰੋਧ ਅਤੇ ਲੋਭ ਦੀ ਮਾਰ ਤੋਂ ਨਾ ਕਿਸੇ ਦੀ ਪਤ, ਨਾ ਕਿਸੇ ਦਾ ਮਾਲ ਧਨ ਅਤੇ ਨਾ ਕਿਸੇ ਦੀ ਜਾਨ ਹੀ ਸੁਰੱਖਿਅਤ ਸੀ । ਹੰਨੇ-ਹੰਨੇ ਮੀਰੀ ਸੀ ਅਤੇ ਹਰ ਥਾਂ ਅੰਨ੍ਹੀ ਮੱਚੀ ਹੋਈ ਤੇ ਹਨੇਰ-ਗਰਦੀ ਵਾਪਰੀ ਹੋਈ ਸੀ ।

ਇਨ੍ਹਾਂ ਹਾਕਮਾਂ ਅਤੇ ਨਵਾਬਾਂ ਦੇ ਅਗਾਂਹ ਕਰਿੰਦੇ ਜਾਂ ਕਰਮਚਾਰੀ ਸਨ । ਇਹ ਲੋਕ ਜਨਤਾ ਨਾਲ ਵਰਤਣ ਸਮੇਂ ਧੱਕੇਸ਼ਾਹੀ ਅਤੇ ਜਬਰ ਵਿੱਚ ਆਪਣੇ ਮਾਲਕਾਂ ਨਾਲੋਂ ਵੀ ਦੱਸ ਪੈਰ ਅਗਾਂਹ ਸਨ । ਨਾਲੇ ਇਹ ਲੋਕ ਆਪਣੇ ਵਰਗੇ ਆਸ-ਪਾਸਲੇ ਗੁਆਂਢੀਆਂ ਨਾਲ ਈਰਖਾ ਤੇ ਸ਼ਰੀਕਾ ਕਰਦੇ ਸਨ ਅਤੇ ਇਕ ਦੂਜੇ ਦੇ ਇਲਾਕੇ ਦੀ ਜਨਤਾ ਉੱਪਰ ਅੱਤਿਆਚਾਰ ਕਮਾਉਣ ਦੇ ਮੌਕੇ ਲੱਭਦੇ, ਵਰਤਦੇ ਰਹਿੰਦੇ ਸਨ ।

ਇਨ੍ਹਾਂ ਜ਼ਾਬਰਾਂ ਤੋਂ ਇਲਾਵਾ ਜਨਤਾ ਨੂੰ ਆਪਣੇ ਵਿਚਲੇ ਆਪਣੇ 'ਕੁਦਰਤੀ ਆਗੂ' ਵੀ ਰੱਜ-ਰੱਜ ਕੇ ਲੁੱਟਦੇ-ਪੁੱਟਦੇ-ਕੁੱਟਦੇ ਤੇ ਪੀਂਹਦੇ-ਮਿਧਦੇ ਸਨ । ਇਹ ਲੋਕ ਸਨ; ਜ਼ਮੀਨਾਂ, ਪਦਵੀਆਂ ਤੇ ਜਾਇਦਾਦਾਂ ਦੇ ਮਾਲਕ, ਜਿਨ੍ਹਾਂ ਨੇ ਹਕੂਮਤ ਵਾਲਿਆਂ ਨਾਲ ਗੰਢ ਲਈ ਹੋਈ ਸੀ ਅਤੇ ਉਨ੍ਹਾਂ ਦੇ ਇਸ਼ਾਰਿਆਂ ਤੇ ਨੱਚਦੇ ਸਨ । ਲੋਕਾਂ ਨੂੰ ਚੁਪ-ਚਾਪ ਸਭ ਕੁਝ ਝੱਲੀ ਜਾਣ ਲਈ ਅਤੇ ਹਕੂਮਤ ਦੀ ਪੰਜਾਲੀ ਵਿੱਚ ਚੁਪ ਰਹਿ ਕੇ ਅਮਨ-ਅਮਾਨ ਨਾਲ ਦਿਨ ਗੁਜ਼ਾਰਨ



ਲਈ ਮਜਬੂਰ ਕਰਨ ਦੀ ਖ਼ਾਤਰ ਇਹ ਲੋਕ ਵਧ-ਚੜ੍ਹ ਕੇ ਕੰਮ ਕਰਦੇ ਸਨ ।

ਇਹ ਹਾਲ ਤਾਂ ਸੀ ਸਾਰੀ ਪਰਜਾ ਦਾ, ਹਿੰਦੂਆਂ ਤੇ ਮੁਸਲਮਾਨਾਂ ਸਭ ਦਾ ਪਰ ਹਿੰਦੂ ਪਰਜਾ ਨਾਲ ਹਕੂਮਤ ਵਲੋਂ ਹੋਰ ਵੀ ਵਧੇਰੇ ਕਰੜੀ ਅਤੇ ਜ਼ਬਰ-ਭਰੀ ਵਰਤੋਂ ਹੁੰਦੀ ਸੀ । ਉਨ੍ਹਾਂ ਨੂੰ ਬਦੋ-ਬਦੀ ਤਲਵਾਰ ਦੇ ਜ਼ੋਰ ਨਾਲ ਅਤੇ ਹਕੂਮਤ ਦੇ ਸਭ ਵਸੀਲਿਆਂ ਦੀ ਸਹਾਇਤਾ ਨਾਲ ਮੁਸਲਮਾਨ ਬਣਾਇਆ ਜਾਂਦਾ ਸੀ । ਉਨ੍ਹਾਂ ਦੀਆਂ ਬਹੂ-ਬੇਟੀਆਂ ਦੀ ਬੇਪਤੀ ਕਰਨ ਤੇ ਉਨ੍ਹਾਂ ਦਾ ਧਨ-ਮਾਲ ਖੋਹ ਲੈਣ ਨੂੰ ਜ਼ੋਰਾਵਰ ਮੁਸਲਮਾਨ ਆਪਣਾ ਇਸਲਾਮੀ ਹੱਕ ਅਤੇ ਅੱਲਾ ਪਾਕ ਦੀ ਖ਼ੁਸ਼ੀ ਪ੍ਰਾਪਤ ਕਰਨ ਦਾ ਵਸੀਲਾ ਸਮਝਦੇ ਸਨ ।

ਗੱਲ ਕੀ, ਜਨਤਾ ਜਾਬਰਾਂ ਦੀਆਂ ਲੋਹ-ਜੜੀਆਂ ਅੱਡੀਆਂ ਹੇਠ ਲਿਤਾੜੀ ਮਿੱਧੀ ਜਾ ਰਹੀ ਸੀ, ਗਾਟਿਆਂ ਉੱਪਰ ਦਿਨ ਰਾਤ ਛੁਰੀ ਚਲਦੀ ਸੀ, ਪਰ ਕੁਸਕਣ ਦੀ ਨਾ ਕਿਸੇ ਨੂੰ ਖੁੱਲ੍ਹ ਸੀ ਅਤੇ ਨਾ ਕਿਸੇ ਵਿੱਚ ਹਿੰਮਤ ਸੀ । ਹਾਂ, ਆਪੋ ਆਪਣੇ ਮਨਾਂ ਵਿੱਚ ਉਹ ਇਸ ਜ਼ਬਰ ਵਿਰੁੱਧ ਪੁਕਾਰ ਜ਼ਰੂਰ ਕਰਦੇ ਸਨ ਅਤੇ ਸਭ ਦੇ ਸਾਂਝੇ ਪਿਤਾ ਪਰਮਾਤਮਾ ਦੀ ਦਰਗਾਹੇ ਬਹੁੜੀ ਲਈ ਅੰਦਰੇ-ਅੰਦਰ ਦੁਹਾਈ ਜ਼ਰੂਰ ਪਾਉਂਦੇ ਸਨ ।

ਇਸ ਅੰਧੇਰ ਗਰਦੀ ਨੂੰ ਗੁਰੂ ਨਾਨਕ ਦੇਵ ਜੀ ਇਨ੍ਹਾਂ ਸ਼ਬਦਾਂ ਵਿੱਚ ਦੱਸਦੇ ਹਨ :

*ਕਲਿ[੧] ਕਾਤੀ[੨] ਰਾਜੇ ਕਾਸਾਈ ਧਰਮੁ ਪੰਖ[੩] ਕਰਿ ਉਡਰਿਆ ॥*
*ਕੂੜੁ[੪] ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥[੫]*

੨

ਦੂਜੀ ਪੁਕਾਰ ਸੀ ਆਮ ਜਨਤਾ ਦੀ, ਉਨ੍ਹਾਂ ਭੱਦਰ ਪੁਰਸ਼ਾਂ ਦੇ ਵਿਰੁੱਧ, ਜਿਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਬਣਾ

*੧ ਕਲਜੁਗ ਸਮਾਂ । ੨ ਕੈਂਚੀ । ੩ ਖੰਭ ਲਾ ਕੇ ਉਡ ਗਿਆ ਹੈ । ੪ ਝੂਠ । ੫ ਵਾਰ ਮਾਝ ਸਲੋਕ ਮਹਲਾ ੧, ਪੰਨਾ ੧੪੫ ।*

ਲਿਆ ਹੋਇਆ ਸੀ ਅਤੇ ਜਿਹੜੇ ਧਰਮ ਦੇ ਨਾਂ 'ਤੇ ਆਮ ਭੋਲੀ ਭਾਲੀ ਜਨਤਾ ਨੂੰ ਠੱਗਦੇ, ਲੁੱਟਦੇ ਅਤੇ ਹਨੇਰੇ ਵਿੱਚ ਸੁੱਟਦੇ ਸਨ। ਪਖੰਡ, ਕਪਟ, ਵਿਖਾਵੇ, ਬੇਅਰਥ ਰਸਮਾਂ ਤੇ ਰੀਤਾਂ ਅਤੇ ਭਰਮਾਂ ਵਹਿਮਾਂ ਨੇ ਅਸਲੀ ਧਰਮ ਤੇ ਭਗਤੀ ਦੀ ਥਾਂ ਮੱਲੀ ਹੋਈ ਸੀ। ਜਨਤਾ ਦੀਆਂ ਆਤਮਾਂ ਆਤਮਕ ਖੁਰਾਕ ਤੋਂ ਵਾਂਞੀਆਂ ਰਹਿ-ਰਹਿ ਕੇ ਮਨੁੱਖਤਾ ਦੀ ਪੱਧਰ ਤੋਂ ਡਿੱਗ ਰਹੀਆਂ ਸਨ ਤੇ ਮਲੀਨ ਹੁੰਦੀਆਂ ਜਾ ਰਹੀਆਂ ਸਨ। ਧਰਮ ਦੇ ਪੁਜਾਰੀ ਅੱਵਲ ਦਰਜੇ ਦੇ ਠੱਗ ਤੇ ਪਖੰਡੀ ਬਣ ਚੁੱਕੇ ਸਨ। ਉਨ੍ਹਾਂ ਦੀ ਰਹਿਣੀ ਬਹਿਣੀ ਤੇ ਵਰਤੋਂ ਵਿਹਾਰ ਉਨ੍ਹਾਂ ਧਾਰਮਕ ਅਸੂਲਾਂ, ਨੇਮਾਂ ਦੇ ਐਨ ਉਲਟ ਸੀ, ਜਿਨ੍ਹਾਂ ਦਾ ਉਪਦੇਸ਼ ਉਹ ਜਨਤਾ ਨੂੰ ਦੇਂਦੇ ਸਨ।

ਮੁਸਲਮਾਨਾਂ ਦੇ ਧਰਮ ਆਗੂਆਂ ਦਾ ਵੀ ਇਹੋ ਹਾਲ ਸੀ। ਉਹ ਵੀ ਜਬਰ ਦਾ ਵਸੀਲਾ ਅਤੇ ਠੱਗ-ਬਾਜ਼ੀ ਦੇ ਮੁਖ਼ਤਿਆਰ ਬਣੀ ਬੈਠੇ ਸਨ। ਉਹ ਨਾ ਕੇਵਲ ਮੁਸਲਮਾਨਾਂ ਨੂੰ ਹੀ ਅਸਲੀ ਮਜ਼੍ਹਬ ਦੇ ਰਾਹੋਂ ਕੁਰਾਹੇ ਪਾ ਰਹੇ ਸਨ, ਸਗੋਂ ਉਹ ਮਜ਼੍ਹਬੀ ਈਰਖਾ, ਨਫ਼ਰਤ ਤੇ ਜਨੂੰਨ ਦੀ ਅੱਗ ਵੀ ਭੜਕਾਉਂਦੇ ਸਨ। ਇਨ੍ਹਾਂ ਲੋਕਾਂ ਬਾਬਤ ਗੁਰੂ ਨਾਨਕ ਦੇਵ ਜੀ ਨੇ ਇਉਂ ਕਿਹਾ ਹੈ :

*ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥*
*ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥*

*(ਰਾਮਕਲੀ ਕੀ ਵਾਰ, ਪੰਨਾ ੯੫੧)*

ਥੋੜ੍ਹੇ ਸ਼ਬਦਾਂ ਵਿੱਚ ਇਹੋ ਕਿਹਾ ਜਾ ਸਕਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਧਰਮ-ਆਗੂ ਧਾਰਮਕ ਜੀਵਨ ਤੋਂ ਕੋਹਾਂ ਦੂਰ ਸਨ, ਉਹ ਜਨਤਾ ਉਪਰ ਆਪ ਜਬਰ ਕਮਾਉਂਦੇ ਸਨ ਅਤੇ ਜ਼ਾਬਰ ਹਾਕਮਾਂ ਦੀ ਸਹਾਇਤਾ ਕਰਦੇ ਸਨ। ਉਹ ਲੋਕਾਂ ਦਾ ਲਹੂ ਪੀਂਦੇ ਸਨ। ਤਾਂ ਹੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬਾਬਤ ਕਿਹਾ ਹੈ :



*ਮਾਣਸ[1] ਖਾਣੇ ਕਰਹਿ ਨਿਵਾਜ[2] ॥*
*ਛੁਰੀ ਵਗਾਇਨਿ ਤਿਨ ਗਲਿ ਤਾਗ[3] ॥*

*(ਵਾਰ ਆਸਾ, ਪੰਨਾ ੪੭੧)*

ਤੀਜੀ ਪੁਕਾਰ ਸੀ ਕਿਰਤੀਆਂ ਗ੍ਰਿਹਸਤੀਆਂ ਦੀ। ਉਨ੍ਹਾਂ ਵਿਹਲੜਾਂ ਵਿਰੁੱਧ, ਜਿਹੜੇ ਧਰਮ ਤੇ ਮਜ਼੍ਹਬ ਦੇ ਭੇਖ ਧਾਰ-ਧਾਰ ਕੇ ਹੋਰਨਾਂ ਦੀ ਕਮਾਈ ਉੱਪਰ ਮੌਜਾਂ ਲੁੱਟਦੇ ਸਨ। ਹਿੰਦੂਆਂ ਵਿੱਚ ਸਨ : 'ਜੋਗੀ, ਸੰਨਿਆਸੀ, ਬੈਰਾਗੀ, ਸੰਤ, ਸਾਧ ਅਤੇ ਅਨੇਕਾਂ ਹੋਰ ਭਾਂਤਾਂ ਦੇ ਵਿਹਲੜ ਪਖੰਡੀ ਲੋਕ ਜਿਹੜੇ ਆਪੋ ਆਪਣੇ ਢੰਗਾਂ ਨਾਲ ਲੋਕਾਂ ਪਾਸੋਂ ਆਪਣੇ ਮੌਜ ਮੇਲੇ ਦਾ ਸਮਿਆਨ ਪ੍ਰਾਪਤ ਕਰਦੇ ਸਨ।' ਮੁਸਲਮਾਨਾਂ ਵਿੱਚ ਵੀ ਕਈ ਭੇਖਾਂ ਦੇ ਪੀਰ ਫਕੀਰ ਸਨ। ਜਿਹੜੇ ਸਮਾਜ ਦਾ ਲਹੂ ਚੂਸਦੇ, ਵਿਹਲੀਆਂ ਖਾਂਦੇ ਅਤੇ ਮਿਹਨਤੀਆਂ, ਮਜ਼ੂਰਾਂ, ਕਿਰਤੀਆਂ, ਕਿਰਸਾਨਾਂ, ਦੇ ਸਿਰ ਭਾਰ ਬਣੇ ਹੋਏ ਸਨ।

੪

ਮਨੁੱਖਤਾ ਦੀ ਇਹ ਬਹੁ-ਰੰਗੀ ਪੁਕਾਰ ਦਾ ਚੌਥਾ ਅੰਗ ਸੀ ਓਹ ਕੁਰਲਾਹਟ ਜੋ ਹਾਕਮਾਂ ਅਤੇ ਧਰਮ-ਆਗੂਆਂ ਦੀ ਭੜਕਾਈ ਮਚਾਈ ਹੋਈ ਫਿਰਕੂਪੁਣੇ ਦੀ ਅੱਗ ਦੇ ਭਾਂਬੜ ਦੇ ਕਾਰਨ ਦੁਖੀਆਂ ਪੀੜਤਾਂ ਦੇ ਹਿਰਦਿਆਂ ਵਿੱਚੋਂ ਫੁੱਟ-ਫੁੱਟ ਕੇ ਨਿਕਲ ਰਹੀ ਸੀ। ਹਿੰਦੂ ਤੇ ਮੁਸਲਮਾਨ ਗੁਆਂਢੀ ਹੁੰਦੇ ਹੋਏ ਵੀ ਇਕ ਦੂਜੇ ਦੇ ਵੈਰੀ ਸਨ। ਮੁਸਲਮਾਨ ਜਾਬਰ ਸਨ ਅਤੇ ਹਿੰਦੂ ਉਨ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਸਨ। ਇਸ ਨਿੱਤ ਦਿਹਾੜੀ ਦੇ ਅਤੇ ਅਨੇਕਾਂ ਭਾਂਤਾਂ ਦੇ ਜਬਰ ਵਿਰੁੱਧ ਨਾ ਕੋਈ ਦਾਦ ਸੀ ਤੇ ਨਾ ਹੀ ਕੋਈ ਫਰਿਆਦ। ਇਨ੍ਹਾਂ ਬੇਕਿਰਕ ਆਪ-ਹੁਦਰੇ ਜ਼ਾਬਰਾਂ ਦੇ ਵਿਰੁੱਧ ਹਿੰਦੂਆਂ ਦੇ ਦਿਲਾਂ ਵਿੱਚ ਨਫ਼ਰਤ ਕੁੱਟ-ਕੁੱਟ ਭਰਦੀ ਜਾ ਰਹੀ ਸੀ। ਇਸ ਤਰ੍ਹਾਂ ਦੁਖੀ ਇਨਸਾਨਾਂ ਦੇ ਦਿਲਾਂ ਵਿਚੋਂ ਉਸ ਫਿਰਕੂਪੁਣੇ ਦੀ ਨਫ਼ਰਤ ਅਤੇ

੧ ਆਦਮੀ। ੨ ਨਮਾਜ਼। ੩ ਧਾਗਾ, ਜਨੇਊ।

ਦੁਸ਼ਮਣੀ ਵਿਰੁੱਧ ਜ਼ਬਰਦਸਤ ਪੁਕਾਰ ਉੱਠ ਰਹੀ ਸੀ, ਜੋ ਸਾਰੇ ਦੇਸ਼ ਵਿੱਚ ਖਿੱਲਰੀ ਹੋਈ ਸੀ ਅਤੇ ਦਿਨੋ ਦਿਨ ਵੱਧ ਰਹੀ ਸੀ ।

੫

ਜਗਤ-ਜਲੰਦੇ ਦੇ ਤਪਤ-ਹਿਰਦਿਆਂ ਵਿੱਚੋਂ ਉਠ ਰਹੀ ਪੁਕਾਰ ਦਾ ਪੰਜਵਾਂ ਅੰਗ ਸੀ ਉਹ ਫਰਿਆਦ ਜੋ ਨੀਵੀਆਂ ਜਾਤਾਂ ਦੇ ਲੋਕ ਉੱਚੀਆਂ ਜਾਤਾਂ ਵਾਲੇ ਲੋਕਾਂ ਦੇ ਨਫ਼ਰਤ, ਹੰਕਾਰ ਅਤੇ ਧੱਕੇ ਸ਼ਾਹੀ ਵਾਲੇ ਵਤੀਰੇ ਵਿਰੁੱਧ ਕਰਦੇ ਸਨ । ਹਿੰਦੂਆਂ ਦੇ ਧਰਮ-ਆਗੂਆਂ ਨੇ ਜਾਤ-ਪਾਤ ਦੀ ਜੋ ਵੰਡ ਕਰ ਛੱਡੀ ਸੀ, ਉਸ ਦੇ ਕਾਰਨ ਕਰੋੜਾਂ ਹਿੰਦੂ ਅਖਵਾਉਣ ਵਾਲੇ ਇਨਸਾਨਾਂ ਨਾਲ ਪਸ਼ੂਆਂ ਨਾਲੋਂ ਵੀ ਭੈੜਾ ਵਤੀਰਾ ਕੀਤਾ ਜਾਂਦਾ ਸੀ । ਕਰੋੜਾਂ ਹੀ ਇਨਸਾਨਾਂ ਨੂੰ ਅਛੂਤ ਕਹਿ ਕੇ ਦੁਰਕਾਰਿਆ ਤੇ ਮਿੱਧਿਆ ਮਧੋਲਿਆ ਜਾ ਰਿਹਾ ਸੀ । ਉਨ੍ਹਾਂ ਨੀਚ-ਜਾਤਾਂ ਵਾਲਿਆਂ ਨਾਲ 'ਉਚ-ਜਾਤੀਏ' ਜੋ ਸਲੂਕ ਕਰਦੇ ਸਨ, ਉਸ ਦਾ ਬਹੁਤਾ ਵਿਸਥਾਰ ਏਥੇ ਦੇਣ ਦੀ ਲੋੜ ਨਹੀਂ । ਇਸ ਵੀਹਵੀਂ ਸਦੀ ਵਿੱਚ ਕਾਨੂੰਨੀ ਮਨਾਹੀਆਂ ਦੇ ਹੁੰਦਿਆਂ ਵੀ ਉਨ੍ਹਾਂ ਗਰੀਬਾਂ ਨਾਲ ਜੋ ਕੁਝ ਅਜੇ ਵਾਪਰ ਰਹੀ ਹੈ ਅਤੇ ਸਮਾਜ ਵਿੱਚ ਉਨ੍ਹਾਂ ਦੀ ਜੋ ਦੁਰਗਤੀ ਹੋ ਰਹੀ ਹੈ, ਉਸ ਤੋਂ ਭਲੀ ਪ੍ਰਕਾਰ ਅੰਦਾਜ਼ਾ ਲੱਗ ਸਕਦਾ ਹੈ ਕਿ ਧਰਮ ਦੇ ਨਾਂ ਹੇਠ ਕੀਤੀ ਜਾ ਰਹੀ ਇਸ ਹਨੇਰ-ਗਰਦੀ ਵਿਰੁੱਧ ਗੁਰੂ ਨਾਨਕ ਦੇਵ ਜੀ ਦੇ ਆਵਾਜ਼ ਉਠਾਉਣ ਤੇ ਮੁਹਿੰਮ ਚਲਾਉਣ ਤੋਂ ਪਹਿਲਾਂ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ ? ਇਹ ਵੀ ਅੰਤ ਨੂੰ ਰੱਬ ਦੇ ਜਾਏ ਮਨੁੱਖ ਜਾਤੀ ਦੇ ਅੰਗ ਸਨ । ਪਸ਼ੂਆਂ ਨਾਲੋਂ ਭੈੜਾ ਵਤੀਰਾ ਝੱਲਦੇ ਹੋਏ ਭਲਾ ਇਹ ਕਿਉਂ ਨਾ ਪੁਕਾਰ ਕਰਦੇ ਹੋਣਗੇ ਉਸ ਸਭ ਦੇ ਸਾਂਝੇ ਬਾਪੂ ਦੇ ਚਰਨਾਂ ਵਿੱਚ ਅਤੇ ਕਿਉਂ ਨਾ ਮੰਗ ਕਰਦੇ ਹੋਣਗੇ ਕਿ ਹੇ ਪਿਤਾ ! ਕੋਈ ਭੇਜ ਆਪਣਾ ਧਰਮ ਪਿਆਰਾ ਵਿਅਕਤੀ, ਇਸ ਉਪੱਦਰ ਦਾ ਨਾਸ ਕਰਨ ਲਈ ।



੬

ਇਸ ਤੋਂ ਇਲਾਵਾ ਪੁਕਾਰ ਸੀ ਗਰੀਬਾਂ, ਕੰਗਾਲਾਂ, ਕਿਰਤੀਆਂ, ਕਾਮਿਆਂ, ਮਿਹਨਤੀਆਂ ਤੇ ਕਿਰਸਾਨਾਂ ਅਤੇ ਭੁੱਖ ਨੰਗ ਨਾਲ ਆਤਰ ਹੋਏ ਇਨਸਾਨਾਂ ਦੀ ਆਪਣੇ ਉਨ੍ਹਾਂ ਤਾਕਤਵਰ ਜਰਵਾਣੇ ਗੁਆਂਢੀਆਂ ਵਿਰੁੱਧ ਜੋ ਕਈ ਢੰਗਾਂ ਨਾਲ ਉਨ੍ਹਾਂ ਨੂੰ ਲੁੱਟ ਰਹੇ ਸਨ ਅਤੇ ਉਨ੍ਹਾਂ ਦਾ ਲਹੂ ਚੂਸ-ਚੂਸ ਕੇ ਜਸ਼ਨ ਉਡਾ ਰਹੇ ਅਤੇ ਗੋਗੜਾਂ ਵਧਾ ਰਹੇ ਸਨ । ਮੁੜ੍ਹਕਾ ਡੋਲ੍ਹ-ਡੋਲ੍ਹ ਕੇ, ਲਹੂ ਪਾਣੀ ਇਕ ਕਰ-ਕਰ ਕੇ ਧਨ ਪਦਾਰਥ ਅਤੇ ਜਿਨਸਾਂ ਅਨਾਜ ਪੈਦਾ ਕਰਨ ਵਾਲਿਆਂ ਦੀ ਪੁਕਾਰ ਸੀ ਉਨ੍ਹਾਂ ਰਿਸ਼ਟ-ਪੁਸ਼ਟ ਵਿਹਲੜਾਂ ਵਿਰੁੱਧ ਜੋ ਮਾੜਿਆਂ ਲਿਤਾੜਿਆਂ ਦਾ ਲਹੂ ਪੀਂਦੇ ਸਨ, ਜੋ ਹਰ ਪ੍ਰਕਾਰ ਦੀ ਉਪਜਾਊ ਅਤੇ ਸਮਾਜਕ ਲਾਭ ਵਾਲੀ ਮਿਹਨਤ ਮੁਸ਼ੱਕਤ ਤੋਂ ਡਰਦੇ ਸਨ, ਪਰ ਹਿੱਕ ਦੇ ਧੱਕੇ ਨਾਲ, ਬਾਹਵਾਂ ਦੇ ਬਲ ਨਾਲ, ਕਾਨੂੰਨੀ ਆਸਰੇ ਨਾਲ, ਸਰਕਾਰ ਦਰਬਾਰ ਵਿਚਲੇ ਅਸਰ-ਰਸੂਖ ਨਾਲ ਜਾਂ ਕਿਸੇ ਨਾ ਕਿਸੇ ਹੋਰ ਧੋਖੇ ਤੇ ਚਲਾਕੀ ਨਾਲ, ਕਿਰਤੀ ਕਿਰਸਾਨਾਂ ਤੇ ਮਿਹਨਤੀ ਮਜ਼ੂਰਾਂ ਦੀ ਕਮਾਈ ਦਾ ਚੋਖਾ ਸਾਰਾ ਹਿੱਸਾ ਹੜੱਪ ਕਰ ਜਾਂਦੇ ਸਨ । ਨਤੀਜਾ ਇਹ ਸੀ ਕਿ ਹੋਰਨਾਂ ਦਾ ਢਿੱਡ ਭਰਨ ਵਾਲੇ ਆਪ ਫਾਕੇ ਕੱਟਦੇ ਸਨ ਅਤੇ ਹੋਰਨਾਂ ਦਾ ਤਨ ਕੱਜਣ ਦਾ ਸਮਿਆਨ ਪੈਦਾ ਕਰਨ ਵਾਲੇ ਤੇ ਬਨਾਉਣ ਵਾਲੇ ਆਪ ਆਪਣਾ ਚੰਮ ਹਢਾਉਂਦੇ ਸਨ, ਹੋਰਨਾਂ ਦੇ ਮਹਿਲਾਂ ਮਾੜੀਆਂ ਬਨਾਉਣ ਵਾਲੇ ਝੁੱਗੀਆਂ ਵਿੱਚ ਜਾਂ ਅਸਮਾਨ ਦੇ ਸਾਇਬਾਨ ਹੇਠ ਜੂਨ-ਕੱਟੀ ਕਰਦੇ ਸਨ ।

ਇਹ ਸਨ ਕੁਝ ਪੁਕਾਰਾਂ ਜੋ ਮਨੁੱਖ-ਜਾਤੀ ਦੇ ਹਿਰਦਿਆਂ ਵਿੱਚੋਂ ਉਠ ਕੇ ਸਿਰਜਣਹਾਰ ਕਰਤਾਰ ਦੇ ਚਰਨਾਂ ਤੀਕ ਜਾਂਦੀਆਂ ਸਨ । ਇਹ ਸੀ ਉਹ ਪੁਕਾਰ ਜਿਹੜੀ ਭਾਈ ਗੁਰਦਾਸ ਜੀ ਦੇ ਕਥਨ ਮੁਜਬ ਸੁਣ ਕੇ ਦਾਤਾਰ ਪ੍ਰਭੂ ਨੇ 'ਗੁਰੁ ਨਾਨਕ ਜਗ ਮਾਹਿ ਪਠਾਇਆ' ਸੀ ।

ਦੀ ਔਲਾਦ ਮੰਨਦੇ ਹਨ ਅਤੇ ਉਨ੍ਹਾਂ ਦੇ ਜੀਵਨ ਨੂੰ ਸੱਚ, ਦਇਆ, ਪਿਆਰ, ਨੇਕੀ, ਪਵਿੱਤਰਤਾ ਅਤੇ ਉਚੇ-ਸੁੱਚੇ ਆਚਰਨ ਦੇ ਸੱਚੇ ਵਿੱਚ ਢਾਲਣਾ ਲੋਚਦੇ ਹਨ। ਇਨ੍ਹਾਂ ਅਸੂਲਾਂ ਨੂੰ ਮੰਨਣ ਕਮਾਉਣ ਵਾਲਾ ਕੋਈ ਜਣਾ-ਜਣੀ ਵੀ, ਭਾਵੇਂ ਉਸ ਦਾ ਧਰਮ ਕੋਈ ਵੀ ਹੋਵੇ ਕਦੇ ਝੂਠ, ਨਫ਼ਰਤ, ਵੈਰ, ਜ਼ਬਰ, ਹਿੱਕ ਦਾ ਧੱਕਾ, ਬੇ-ਇਨਸਾਫੀ ਅਤੇ ਪਾਪ ਨਹੀਂ ਕਮਾ ਸਕਦਾ। ਅਸਲੀ ਧਰਮ ਦਾ ਮੁੱਖ ਉਪਦੇਸ਼ ਤੇ ਨਿਸ਼ਾਨਾ 'ਸੱਚ' ਹੈ ਅਤੇ 'ਸੱਚ' ਅਜੇਹੀ ਸ਼ੈ ਹੈ, ਜੋ ਇਨਸਾਨ ਦੇ ਵਿਚੋਂ ਹਰ ਪ੍ਰਕਾਰ ਦੇ ਪਾਪ ਤੇ ਔਗੁਣ ਧੋ ਕੇ ਦੂਰ ਕਰਦਾ ਹੈ ਅਤੇ ਉੱਚੇ ਸੁੱਚੇ ਜੀਵਨ ਦੀ ਜਾਚ ਸਿਖਲਾਂਦਾ ਹੈ।*

ਪਰ ਉਸ ਵੇਲੇ ਦਾ ਦੀਨ ਧਰਮ ਬੰਦਿਆਂ ਨੂੰ ਹੋਰ ਹੀ ਪਾਸੇ ਲਿਜਾ ਰਿਹਾ ਸੀ। ਮੁਸਲਮਾਨ ਗੈਰ-ਮੁਸਲਮਾਨਾਂ (ਹਿੰਦੂਆਂ) ਨੂੰ ਕਾਫ਼ਰ ਕਹਿ ਕੇ ਲਿਤਾੜਦੇ ਤੇ ਲੁੱਟਦੇ ਮਾਰਦੇ ਸਨ; ਹਿੰਦੂ ਮੁਸਲਮਾਨਾਂ ਨੂੰ 'ਮਲੇਛ' ਕਹਿ ਕੇ ਉਨ੍ਹਾਂ ਤੋਂ ਨਫ਼ਰਤ ਕਰਦੇ ਤੇ ਉਨ੍ਹਾਂ ਤੋਂ ਭਿੱਟ ਮਨਾਉਂਦੇ ਸਨ। ਹਿੰਦੂਆਂ ਦੇ ਧਰਮ-ਉਪੱਦਰ ਤੇ ਸਮਾਜ-ਉਪੱਦਰ ਦਾ ਇਕ ਹੋਰ ਰੂਪ ਵੀ ਸੀ ਉਹ ਸੀ ਜਾਤ-ਪਾਤ ਦਾ ਸਿਲਸਿਲਾ ਅਤੇ ਇਸ ਤੋਂ ਉਪਜੀ ਸਮਾਜਕ ਤੇ ਧਾਰਮਕ ਵਰਤੋਂ। ਕਰੋੜਾਂ ਹੀ ਇਨਸਾਨਾਂ ਨੂੰ ਨੀਚ ਤੇ ਅਛੂਤ ਕਹਿ ਕੇ ਦੁਰਕਾਰਿਆ ਤੇ ਲਿਤਾੜਿਆ ਜਾ ਰਿਹਾ ਸੀ। ਧਰਮ ਤੇ ਸਮਾਜ ਵਿੱਚ ਉਨ੍ਹਾਂ ਲਈ ਕੋਈ ਥਾਂ ਨਹੀਂ ਸੀ। ਉਹ ਸਦਾ ਲਈ ਭਿੱਟੇ ਹੋਏ ਤੇ ਭਿੱਟਣਹਾਰੇ ਮੰਨੇ ਗਏ ਸਨ। ਉਨ੍ਹਾਂ ਵਲੋਂ ਆਈ ਹਵਾ ਉਨ੍ਹਾਂ ਦਾ ਪਰਛਾਵਾਂ ਉਨ੍ਹਾਂ ਦੇ ਨਾਲ ਲੱਗੀ ਹਰ ਸ਼ੈ ਭਿੱਟੀ ਹੋਈ ਸਮਝੀ ਜਾਂਦੀ ਸੀ। ਕਾਂ, ਕੁੱਤੇ ਵੀ ਉਨ੍ਹਾਂ ਨਾਲੋਂ ਚੰਗੇ ਸਨ। ਉਨ੍ਹਾਂ ਨੂੰ ਪਰੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ। ਕੇਵਲ ਉੱਚ

---

* ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ।।ਵਾਰ ਆਸਾ,ਪੰਨਾ ੪੬੮)
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।। (ਸਿਰੀ ਰਾਗੁ, ਪੰਨਾ ੬੨)



ਜਾਤੀਏ ਹਿੰਦੂਆਂ ਤੇ ਉਨ੍ਹਾਂ ਦੇ ਘਰਾਂ-ਘਾਟਾਂ ਤੇ ਖੂਹਾਂ-ਸੜਕਾਂ ਤੋਂ ਹੀ ਦੂਰ ਰਹਿਣ ਲਈ ਨਹੀਂ, ਸਗੋਂ ਸਭ ਦੇ ਸਾਂਝੇ ਪਿਤਾ ਪਰਮਾਤਮਾ ਤੋਂ ਵੀ। ਉਨ੍ਹਾਂ ਨੂੰ ਇਹ ਆਗਿਆ ਨਹੀਂ ਸੀ ਕਿ ਉਹ ਪਰਮਾਤਮਾ ਅੱਗੇ ਅਰਦਾਸ ਕਰ ਸਕਣ, ਆਪਣੇ ਦਿਲਾਂ ਦੀ ਭੜਾਸ ਕੱਢ ਉਸ ਅੱਗੇ ਆਪਣੇ ਰੋਣੇ ਰੋ ਸਕਣ ਅਤੇ ਆਪਣੇ ਨਰਕੀ ਜੀਵਨ ਨੂੰ ਕੁਝ ਚੰਗੇਰਿਆਂ ਬਨਾਉਣ ਲਈ ਅਤੇ ਇਨਸਾਨੀ ਉਪੱਦਰ ਦੇ ਭਾਰ ਨੂੰ ਕੁਝ ਹੌਲਿਆਂ ਕਰਨ ਲਈ ਉਸ ਸਰਬ-ਦਇਆ ਦੇ ਭਰਪੂਰ ਸੋਮੇਂ ਅੱਗੇ ਅਰਜ਼ੋਈ ਕਰ ਸਕਣ। ਉਹ ਮੰਦਰੀਂ ਜਾ ਕੇ ਦੇਵੀ-ਦੇਵਤਿਆਂ ਅੱਗੇ ਚੜ੍ਹਾਵੇ ਚਾੜ੍ਹ ਕੇ ਮੱਥੇ ਟੇਕ ਕੇ ਆਪਣੇ ਦਿਲਾਂ ਨੂੰ ਧਰਵਾਸ ਨਹੀਂ ਸਨ ਦੇ ਸਕਦੇ, ਉਹ ਧਰਮ ਪੁਸਤਕਾਂ ਨੂੰ ਪੜ੍ਹ-ਵਿਚਾਰ ਕੇ ਆਪਣੇ ਮਨਾਂ ਨੂੰ ਗਿਆਨ ਦਾ ਚਾਨਣ ਨਹੀਂ ਸਨ ਦੇ ਸਕਦੇ, ਉਹ ਨਾਂ ਨੂੰ ਤੇ ਵੇਖਣ ਨੂੰ ਇਨਸਾਨ ਸਨ ਪਰ ਉਨ੍ਹਾਂ ਨਾਲ ਸਲੂਕ ਕੁੱਤਿਆਂ ਬਿੱਲਿਆਂ ਨਾਲੋਂ ਵੀ ਭੈੜਾ ਹੁੰਦਾ ਸੀ।

ਹਿੰਦੂ ਧਰਮ ਨੀਵੀਂ ਤੋਂ ਨੀਵੀਂ ਦਸ਼ਾ ਤੀਕ ਡਿੱਗ ਚੁੱਕਿਆ ਸੀ। ਇਸ ਦੀ ਅਸਲੀ ਰੂਹ ਮਰ ਚੁੱਕੀ ਸੀ ਅਤੇ ਇਸ ਦੀ ਥਾਂ ਪਖੰਡ ਤੇ ਬ੍ਰਾਹਮਣਾਂ ਦੀਆਂ ਘੜੀਆਂ ਰਸਮਾਂ ਰੀਤਾਂ ਤੇ ਪੂਜਾ ਦੇ ਢੰਗਾਂ ਨੇ ਲੈ ਲਈ ਸੀ। ਇਹ ਧਰਮ ਭਾਂਤ-ਭਾਂਤ ਦੇ ਭਰਮਾਂ, ਵਹਿਮਾਂ, ਕੁਰੀਤੀਆਂ ਅਤੇ ਬੇਧਰਮੀ ਕਾਰਵਾਈਆਂ ਦਾ ਸੋਮਾ ਬਣ ਚੁਕਿਆ ਸੀ। ਕੁਝ ਖਾਸ ਰਸਮਾਂ ਰੀਤਾਂ ਨੂੰ ਖਾਸ-ਖਾਸ ਮੌਕਿਆਂ ਤੇ ਥਾਵਾਂ ਉਤੇ, ਅਤੇ ਖਾਸ-ਖਾਸ ਢੰਗਾਂ ਨਾਲ ਕਰਨ ਨੂੰ ਹੀ ਧਰਮ ਕਿਹਾ ਜਾਂਦਾ ਸੀ। ਗੱਲ ਕੀ; ਧਰਮ ਨਿਰਾ ਪੁਰਾ ਪਖੰਡ ਬਣ ਚੁੱਕਾ ਸੀ ਅਤੇ ਆਮ ਲੋਕਾਂ ਨੂੰ ਬ੍ਰਾਹਮਣਾਂ ਦੇ ਅਧੀਨ ਅਤੇ ਨੀਂਵੀਆਂ ਜਾਤਾਂ ਵਾਲਿਆਂ ਨੂੰ ਉੱਚੀਆਂ ਜਾਤਾਂ ਵਾਲਿਆਂ ਦੇ ਗੋੱਲੇ ਬਨਾਉਣ ਦਾ ਹੀ ਕੰਮ ਕਰਦਾ ਸੀ।

ਤਾਂ ਤੇ ਧਰਮ-ਉਪੱਦਰ ਵੀ ਜਨਤਾ ਦੇ ਸਿਰ 'ਤੇ ਓਨੀ ਹੀ ਬਿਪਤਾ ਵਰਤਾ ਰਿਹਾ ਸੀ, ਜਿੰਨੀ ਰਾਜ-ਉਪੱਦਰ ਤੇ ਸਮਾਜ-

ਉਪੱਦਰ । ਨਹੀਂ, ਸਗੋਂ ਘੋਰ-ਉਪੱਦਰ ਤੇ ਇਹ ਤਿੰਨੇ ਮੂਲ ਇਕ ਦੂਜੇ ਨਾਲ ਮਿਲ ਕੇ ਅਤੇ ਇਕ ਦੂਜੇ ਦਾ ਅੰਗ ਪੂਰ ਕੇ ਸਾਂਝਾ ਹਨੇਰ ਮਚਾ ਰਹੇ ਸਨ ।

ਇਸ ਚਾਰ ਚੁਫੇਰੇ ਦੀ ਮਾਰ ਤੇ ਹਨੇਰ-ਗਰਦੀ ਦਾ ਇਕ ਸਿੱਟਾ ਇਹ ਨਿਕਲਿਆ ਕਿ ਜਬਰ ਕਰਨ ਵਾਲੇ ਵੀ ਅਤੇ ਜਬਰ ਸਹਿਨ ਜਰਨ ਵਾਲੇ ਵੀ, ਇਖ਼ਲਾਕੀ ਤੌਰ 'ਤੇ ਬਹੁਤ ਨੀਵੇਂ ਹੋ ਗਏ । ਠੀਕ ਹੀ "ਕੂੜ ਪਰਧਾਨ" ਹੋ ਗਿਆ । ਹਰ ਕੋਈ ਲੱਗਦੀ ਵਾਹ ਵੱਧ ਤੋਂ ਵੱਧ ਸਰੀਰਕ ਸੁਖ ਭੋਗਣ ਦਾ ਚਾਹਵਾਨ ਬਣ ਗਿਆ । ਹੁਣ ਵਾਂਗ ਉਦੋਂ ਵੀ ਅਜਿਹੇ ਸੁਖਾਂ ਤੇ ਸਾਧਨਾਂ ਦੀ ਪ੍ਰਾਪਤੀ ਲਈ ਧਨ ਬੜੇ ਕੰਮ ਆਉਂਦਾ ਸੀ । ਪੈਸੇ ਵਾਲਾ ਪ੍ਰਾਪਤੀ ਤੇ ਮਨ ਮਰਜੀ ਦੇ ਭੋਗ, ਭੋਗ ਸਕਦਾ ਸੀ ਤੇ ਸੁਖ ਮਾਣ ਸਕਦਾ ਸੀ । ਇਸ ਕਰ ਕੇ ਲੋਕ ਪੈਸੇ ਦੇ ਪੁਜਾਰੀ ਬਣ ਚੁੱਕੇ ਸਨ । ਘਰੋਗੀ ਤੇ ਸਮਾਜਕ ਸੰਬੰਧ ਮਾਪਿਆਂ ਦੇ ਤੇ ਔਲਾਦ ਦੇ, ਭਰਾਵਾਂ ਭਰਾਵਾਂ ਦੇ ਭੈਣ ਭਰਾਵਾਂ ਦੇ, ਪਤੀ ਤੇ ਪਤਨੀ ਦੇ ਆਪੋ ਵਿਚਲੇ ਸੰਬੰਧ-ਪੈਸੇ ਦੇ ਅਧੀਨ ਹੋ ਗਏ ਸਨ । ਪੈਸੇ ਦੀ ਕਮਾਈ ਲਈ ਹਰ ਪ੍ਰਕਾਰ ਦੀ ਕੁਰਬਾਨੀ ਕੀਤੀ ਤੇ ਨੀਚਤਾਈ ਵਰਤੀ ਕਮਾਈ ਜਾਂਦੀ ਸੀ । ਇਸ ਹਾਲਤ ਨੂੰ ਭਾਈ ਗੁਰਦਾਸ ਜੀ ਇਉਂ ਬਿਆਨ ਕਰਦੇ ਹਨ :

*'ਇਸਤ੍ਰੀ ਪੁਰਖੈ ਦਾਮਿ[1] ਹਿਤੁ[2] ਭਾਵੈ ਆਇ ਕਿਥਾਊਂ ਜਾਈ ।'*

*(ਵਾਰ ੧, ਪੌ.੩੦)*

ਅਤੇ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

*ਇਸਤਰੀ ਪੁਰਖੈ ਖਟਿਐ ਭਾਉ[3] ॥ ਭਾਵੈ ਆਵਉ ਭਾਵੈ ਜਾਉ ॥*

*(ਵਾਰ ਰਾਮਕਲੀ, ਪੰਨਾ ੯੫੧)*

ਪੈਸਾ ਮਿਲ ਜਾਵੇ, ਭਾਵੇਂ ਕਿਸੇ ਤਰ੍ਹਾਂ ਮਿਲੇ ਕਿਥੋਂ ਆਵੇ ? ਇਸਤਰੀ ਵੀ ਧਨ ਕਮਾ ਕੇ ਲਿਆਵੇ ਤੇ ਮਰਦ ਵੀ ਅਤੇ ਇਸ

*੧ ਧਨ, ਮਾਇਆ ੨ ਪਿਆਰ । ੩ ਪਿਆਰ ।*



ਖੱਟੀ ਲਈ ਉਨ੍ਹਾਂ ਨੂੰ ਹਰ ਥਾਂ ਜਾਣ ਤੇ ਸਭ ਕੁਝ ਕਰਨ ਦੀ ਖੁੱਲ੍ਹ ਸੀ । ਭਾਈ ਗੁਰਦਾਸ ਜੀ ਦੇ ਕਥਨ ਮੁਜਬ ਜੱਗ ਵਿੱਚ 'ਪਾਪੇ ਦਾ ਵਰਤਿਆ ਵਰਤਾਰਾ', ਪਾਪ ਗਿਰਾਸੀ ਪ੍ਰਿਥਮੀ' ਅਤੇ 'ਵਰਤਿਆ ਪਾਪ ਸਭਸ ਜਗ ਮਾਹੀ' ਵਾਲੀ ਗੱਲ ਵਾਪਰ ਚੁੱਕੀ ਸੀ ਅਤੇ ਗੁਰੂ ਨਾਨਕ ਦੇਵ ਜੀ ਦੇ ਕਥਨ ਮੁਜਬ ਇਹ ਹਾਲਤ ਸੀ ਕਿ—

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**

ਇਹ ਸੀ ਹਾਲਤ ਆਮ ਦੇਸ਼ ਦੀ । ਪੰਜਾਬ ਦੀ ਹਾਲਤ ਇਸ ਤੋਂ ਕਿਤੇ ਵਧੇਰੇ ਭੈੜੀ ਸੀ, ਏਥੇ ਕੁਧਰਮ ਅਤੇ ਪਾਪ ਦਾ ਹਨੇਰਾ ਕਿਤੇ ਵਧੇਰੇ ਗਾਹੜਾ ਅਤੇ ਹਰ ਪ੍ਰਕਾਰ ਦੇ ਉਪੱਦਰ ਦਾ ਵਰਤਾਰਾ ਕਿਤੇ ਵਧ ਕਰਾਰਾ ਸੀ । ਇਹ ਸੂਬਾ ਸਭ ਤੋਂ ਪਹਿਲਾਂ ਮੁਸਲਮਾਨੀ ਲੁੱਟ-ਮਾਰ ਤੇ ਰਾਜ ਹੇਠ ਆਇਆ ਸੀ । ਜਿੰਨੇ ਵੀ ਹਮਲਾਵਰ ਆਉਂਦੇ ਰਹੇ, ਉਹ ਪੰਜਾਬ ਨੂੰ ਆਉਂਦੀ ਵੇਰ ਵੀ ਤੇ ਜਾਂਦੀ ਵੇਰ ਵੀ ਸਭ ਤੋਂ ਵਧ ਲੁੱਟਦੇ-ਮਾਰਦੇ ਤੇ ਵੀਰਾਨ ਕਰਦੇ ਰਹੇ । ਏਥੇ ਪ੍ਰਦੇਸੀ ਮੁਸਲਮਾਨ ਰਾਜ ਸੰਸਥਾਵਾਂ ਨਾਲੋਂ ਪਹਿਲਾਂ ਦਾ ਤੇ ਵਧੇਰੇ ਪੱਕੀ ਤਰ੍ਹਾਂ ਕਾਇਮ ਹੋ ਚੁਕਿਆ ਸੀ । ਏਥੇ ਮੁਸਲਮਾਨੀ ਜ਼ਬਰ ਸਭ ਤੋਂ ਵਧੇਰੇ ਜ਼ੋਰਾਂ ਸ਼ੋਰਾਂ 'ਤੇ ਸੀ । ਇਸਲਾਮ ਦੇ ਵਾਧੇ ਲਈ ਇਸਲਾਮੀ ਜੋਸ਼ ਨੇ ਏਥੇ ਸਭ ਥਾਵਾਂ ਨਾਲੋਂ ਵਧੇਰੇ ਹੱਥ ਵਿਖਾਏ ਤੇ ਠਾਠਾਂ ਮਾਰੀਆਂ ਸਨ । ਹੋਰਨਾਂ ਸਭ ਥਾਵਾਂ ਨਾਲੋਂ ਏਥੇ ਬਹੁਤੇ ਹਿੰਦੂ ਮੁਸਲਮਾਨ ਬਣੇ ਸਨ । ਹਿੰਦੂ ਕੌਮ ਦੀ ਮਹਾਨਤਾ ਤੇ ਵਡਿਆਈ ਦੇ ਸਭ ਚਿੰਨ੍ਹ ਮਲੀਆਮੇਟ ਹੋ ਚੁੱਕੇ ਸਨ । ਜਿਹੜੇ ਹਿੰਦੂ ਕਲਮਾ ਪੜ੍ਹਾਏ ਜਾਣ ਤੋਂ ਬਚ ਰਹੇ ਸਨ ਉਹ ਸਭ ਇੱਜ਼ਤ ਤੇ ਅਣਖ ਤੋਂ ਹੱਥ ਧੋ ਬੈਠੇ ਸਨ । ਉਹ ਬੇਅਣਖੀ ਤੇ ਬੇਪਤੀ ਜੀਵਨ ਗੁਜ਼ਾਰਦੇ ਸਨ । ਜਿਨ੍ਹਾਂ ਨੂੰ ਅਜਿਹੇ ਜੀਵਨ ਪਸੰਦ ਨਹੀਂ ਸੀ ਅਤੇ ਜਿਨ੍ਹਾਂ ਦੀ ਰੁਚੀ ਧਰਮ ਵੱਲ ਸੀ, ਉਨ੍ਹਾਂ ਨੇ ਇਨ੍ਹਾਂ ਤੰਗੀਆਂ, ਬੇ-ਇੱਜ਼ਤਾਂ ਤੇ ਮੌਤ ਤੋਂ ਬਚਣ ਲਈ ਜੰਗਲਾਂ ਪਹਾੜਾਂ ਤੇ ਰੇਤਲੇ ਥਲਾਂ ਦੀ

*ਵਾਰ ਮਾਝ, ਮਹਲਾ ੧ ਪੰਨਾ ੧੪੫ ।

ਇਕਾਂਤ ਵਿੱਚ ਜਾ ਡੇਰੇ ਲਾਏ ਸਨ। ਆਮ ਜਨਤਾ ਨੂੰ ਸੱਚਾ ਧਰਮ ਉਪਦੇਸ਼ ਤੇ ਧੀਰਜ ਦੇਣ ਅਤੇ ਜੀਵਨ ਜਾਚ ਦੱਸਣ ਦੀ ਥਾਂ ਉਹ ਆਪਣੀ ਆਤਮਾ ਬਚਾਉਣ ਤੇ ਮੁਕਤੀ ਪ੍ਰਾਪਤ ਕਰਨ ਲਈ ਲੋਕਾਂ ਤੋਂ ਦੂਰ ਦੁਰੇਡੇ ਜਾ ਲੁਕੇ ਸਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ ਜਗ ਦਾ ਇਹ ਹਾਲ ਸੀ :–

*ਥੰਮੇ ਕੋਇ ਨ ਸਾਧੁ ਬਿਨੁ, ਸਾਧੁ ਨ ਦਿਸੈ ਜਗਿ ਵਿਚਿ ਕੋਆ।*

*ਅਤੇ*

*ਬਾਝੁ ਗੁਰੂ ਡੁਬਾ ਜਗੁ ਸਾਰਾ॥* (ਵਾਰ ੧/੨੯)

ਤਾਂ ਤੇ ਉਸ ਸਮੇਂ ਦੇਸ਼ ਦੇ ਦੇਸ਼-ਵਾਸੀਆਂ ਦੀ ਹਾਲਤ ਤੇ ਸਮੇਂ ਦੇ ਰੰਗਾਂ ਤੋਂ ਉਪਜੀ ਸਮੇਂ ਜਾਂ ਧਰਤ ਲੋਕਾਈ ਦੀ ਮੰਗ ਇਹ ਸੀ ਕਿ ਕੋਈ ਅਜਿਹਾ ਬਲੀ ਮਹਾਪੁਰਖ ਪ੍ਰਗਟ ਹੋਵੇ ਜੋ 'ਕੂੜ ਅਮਾਵਸ' ਵਿੱਚ 'ਸੱਚ ਚੰਦ੍ਰਮਾ' ਚੜ੍ਹਾ ਕੇ ਉਸ ਨੂੰ ਸੱਚ ਪੂਰਨਮਾਸ਼ੀ ਵਿੱਚ ਤਬਦੀਲ ਕਰ ਦੇਵੇ, ਜੋ ਅਗਿਆਨ ਦਾ ਹਨੇਰਾ ਦੂਰ ਕਰ ਕੇ ਜਗ ਵਿੱਚ ਤੇ ਜਗਿਆਸੂਆਂ ਦੇ ਹਿਰਦਿਆਂ ਵਿੱਚ ਗਿਆਨ ਅਤੇ ਸੱਚੇ ਧਰਮ ਦੀ ਜੋਤ ਜਗਾਵੇ, ਜੋ ਹਾਕਮਾਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਅਤੇ ਪਰਜਾ ਨੂੰ ਉਸ ਦੇ ਹੱਕਾਂ ਤੇ ਤਾਕਤਾਂ ਤੋਂ ਜਾਣੂੰ ਕਰੇ, ਜੋ ਲੋਕਾਂ ਨੂੰ ਮਨੁੱਖਤਾ ਦਾ ਸਤਿਕਾਰ ਸਿਖਾਵੇ, ਜੋ ਹਾਕਮਾਂ ਨੂੰ ਵੀ ਤੇ ਪਰਜਾ ਨੂੰ ਵੀ ਪਾਪ ਕਮਾਉਣੋਂ ਹਟਾਵੇ, ਜੋ ਆਮ ਜਨਤਾ ਨੂੰ ਵੀ ਅਤੇ ਕਾਜ਼ੀਆਂ ਤੇ ਬ੍ਰਾਹਮਣਾਂ ਨੂੰ ਵੀ ਅਸਲੀ ਧਰਮ ਦੇ ਸਾਂਝੇ ਕੇਂਦਰੀ ਅਸੂਲਾਂ ਤੋਂ ਜਾਣੂੰ ਕਰੇ ਅਤੇ ਉਨ੍ਹਾਂ ਅਸੂਲਾਂ ਦੀ ਨਿੱਤ ਦਿਹਾੜੀ ਦੀ ਵਰਤੋਂ ਵਿਹਾਰ ਵਿੱਚ ਕਮਾਉਣ ਦੀ ਜਾਚ ਦੱਸੇ, ਜੋ ਜਗਤ ਵਿੱਚ ਬਲ ਰਹੇ ਅਤੇ ਸਭ ਜੀਆਂ ਨੂੰ ਸਾੜ-ਫੂਕ ਰਹੇ ਨਫ਼ਰਤ, ਈਰਖਾ, ਵੈਰ ਵਿਰੋਧ ਤੇ ਹੰਕਾਰ ਦੇ ਭਾਂਬੜ ਬੁਝਾ ਕੇ ਉਨ੍ਹਾਂ ਦੀ ਥਾਂ ਪਿਆਰ, ਸਰਬ-ਦਇਆ, ਉਪਕਾਰ, ਮਿੱਠਤ, ਨਿੰਮਰਤਾ ਦੀ ਠਾਰਨ ਤੇ ਸ਼ਾਂਤ ਕਰਨ ਵਾਲੀ ਰੌ ਚਲਾਵੇ, ਜੋ ਇਨਸਾਨਾਂ ਨੂੰ ਰੂਪ ਵਾਲੀ ਮਾਇਆ ਦੀ ਪੂਜਾ ਤੋਂ ਹਟਾ ਕੇ



ਸਿਰਜਣਹਾਰ ਦਾਤਾਰ ਦੀ ਭਗਤੀ ਦਾ ਵੱਲ ਸਿਖਾਵੇ, ਜੋ ਵਿਗਾੜੇ ਤੇ ਰੂਪੋਂ ਕਰੂਪ ਕੀਤੇ ਗਏ ਧਰਮ ਦੇ ਤੋਰੇ ਭਰਮਾਂ, ਵਹਿਮਾਂ ਤੇ ਨਿਰਾਰਥਕ ਰੀਤਾਂ ਰਸਮਾਂ ਤੇ ਕਰਮਾਂ ਕਾਂਡਾਂ ਦੀ ਥਾਂ ਅਸਲੀ ਧਰਮ ਦਾ ਗਿਆਨ ਅਤੇ ਧਰਮੀ ਜੀਵਨ ਸਿਖਾਵੇ, ਜੋ ਮੋਹ ਮਾਇਆ ਦੇ ਜਾਲ ਵਿੱਚ ਫਸਿਆਂ ਅਤੇ ਸਰੀਰਕ ਭੋਗਾਂ ਦੇ ਗਰੱਸਿਆਂ ਨੂੰ ਵੀ ਅਤੇ ਸੰਸਾਰ ਤੋਂ ਭਗੌੜੇ ਹੋ ਗਏ ਜੋਗੀਆਂ ਸੰਨਿਆਸੀਆਂ ਨੂੰ ਵੀ ਦੁਨੀਆਂ ਵਿੱਚ ਰਹਿ ਕੇ ਇਸ ਤੋਂ ਬੇਲਾਗ ਰਹਿਣ ਅਤੇ ਘਰ ਘਾਟ ਤੇ ਟੱਬਰ ਸਮਾਜ ਵਿੱਚ ਵੱਸਦੇ, ਖਾਂਦੇ ਛਕਦੇ, ਹੱਸਦੇ ਖੇਡਦੇ ਹੋਏ ਜੋਗ ਕਮਾਉਣ, ਗ੍ਰਿਹਸਤ ਵਿੱਚ ਉਦਾਸ ਧਾਰਨ ਦੀ ਜਾਚ ਸਿਖਾਵੇ, ਜੋ ਸਭ ਇਨਸਾਨਾਂ ਨੂੰ ਜੀਅ ਦਾਨ ਦੇ ਕੇ ਹਰੀ ਦੀ ਭਗਤੀ ਵਿੱਚ ਲਾ ਕੇ, ਸਭ ਦੇ ਸਾਂਝੇ ਪਿਤਾ ਤੇ ਸਰਬ-ਸੁਖ-ਦਾਤੇ ਕਰਤਾਰ ਨਾਲ ਜੋੜ ਮਿਲਾ ਦੇਵੇ, ਜੋ ਇਸ ਜਗਤ ਜਲੰਦੇ ਨੂੰ ਠੰਢ ਪਾ ਕੇ ਏਥੇ ਹਲੀਮੀ ਰਾਜ ਅਤੇ ਸਰਬ ਜੀਅ ਮਿਹਰਾਮਤ ਦਾ ਵਰਤਾਰਾ ਵਰਤਾਉਣ ਲਈ ਉੱਦਮ ਕਰੇ, ਜੋ ਸੰਸਾਰ ਵਿੱਚ ਰਾਜ-ਉਪੱਦਰ, ਸਮਾਜ-ਉਪੱਦਰ ਅਤੇ ਹਰ ਪ੍ਰਕਾਰ ਦੇ ਉਪੱਦਰ ਅਤੇ ਜ਼ਬਰ ਦੂਰ ਕਰਨ ਅਤੇ ਮਨੁੱਖ ਜਾਤੀ ਨੂੰ ਇਕ ਚੰਗੇ ਧਰਮੀਂ ਤੇ ਸਿਆਣੇ ਟੱਬਰ ਵਾਂਗ ਰਲ-ਮਿਲ ਕੇ ਰਹਿਣ ਦੀ ਪ੍ਰੇਰਨਾ ਕਰੇ।

ਸਮੇਂ ਦੀ ਇਸ ਮੰਗ, ਮਨੁੱਖ-ਜਾਤੀ ਦੀ ਪੁਕਾਰ ਅਤੇ ਸੰਸਾਰ ਦੀ ਲੋੜ ਤੋਂ ਪ੍ਰੇਰਿਤ ਹੋ ਕੇ ਸਿਰਜਣਹਾਰ ਪ੍ਰਭੂ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਜਗ ਵਿੱਚ ਭੇਜਿਆ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :–

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ[1]।*
*ਚਰਨ ਧੋਇ ਰਹਰਾਸਿ[2] ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।*
*ਪਾਰਬ੍ਰਹਮ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।*

੧ ਭੇਜਿਆ। ੨ ਰੀਤਿ, ਮਰਯਾਦਾ।

ਚਾਰੇ ਪੈਰ ਧਰੱਮ ਦੇ [੧]ਚਾਰਿ ਵਰਨਿ ਇਕੁ ਵਰਨੁ ਕਰਾਇਆ ।
ਰਾਣਾ[੨] ਰੰਕੁ[੩] ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ ।
ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜਿ ਮੰਤ੍ਰੁ ਸੁਣਾਇਆ ।
ਕਲਿ ਤਾਰਣਿ ਗੁਰੁ ਨਾਨਕੁ ਆਇਆ॥੨੩॥

(ਵਾਰ ੧)

ਭਾਈ ਸਾਹਿਬ ਫੇਰ ਲਿਖਦੇ ਹਨ :–

ਸਤਿਗੁਰੁ ਨਾਨਕੁ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪਿ ਅੰਧੇਰੁ ਪਲੋਆ[੪] ।
ਸਿੰਘੁ[੫] ਬੁਕੇ[੬] ਮਿਰਗਾਵਲੀ[੭] ਭੰਨੀ[੮] ਜਾਇ ਨ ਧੀਰਿ[੯] ਧਰੋਆ ।
ਜਿਥੇ ਬਾਬਾ ਪੈਰੁ ਧਰਿ, ਪੂਜਾ ਆਸਣੁ ਥਾਪਣਿ ਸੋਆ ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ[੧੦]।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥

(ਵਾਰ ੧)

❀ ❀ ❀

---

੧ ਚਾਰ ਜਾਤਾਂ ਖੱਤਰੀ, ਬ੍ਰਹਮਣ, ਵੈਸ਼ ਤੇ ਸ਼ੂਦਰ । ੨ ਰਾਜਾ । ੩ ਕੰਗਾਲ, ਮੰਗਤਾ । ੪ ਮਿਟ ਗਿਆ, ਦੂਰ ਹੋਇਆ । ੫ ਸ਼ੇਰ । ੬ ਗਰਜੇ, ਗੱਜੇ। ੭ ਹਰਨਾਂ ਦੀ ਡਾਰ । ੮ ਭੱਜੀ, ਨੱਠੀ । ੯ ਧੀਰਜ । ੧੦ ਸਾਲ ਦਾ ਨਵਾਂ ਦਿਨ–ਰੋਜ਼ ਹੀ ਸਾਲ ਦਾ ਨਵਾਂ ਦਿਨ ਰਹਿੰਦਾ ਹੈ।



## ਕਾਂਡ ੩

# ਜਨਮ ਤੇ ਬਾਲ ਲੀਲ੍ਹਾ !

ਜਨਮ– ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਸੁਦੀ ੩ ਸੰਮਤ ੧੫੨੬ ਨੂੰ (ਅਰਥਾਤ ਉਸ ਮਹੀਨੇ ਦੀ ਮੱਸਿਆ ਮਗਰੋਂ ਚੰਦ ਦੇ ਚਾਨਣੇ ਪੱਖ ਦੀ ਤੀਜੀ ਥਿਤ ਵਾਲੇ ਦਿਨ) ਹੋਇਆ । ਉਸ ਦਿਨ ਸ਼ਨਿੱਚਰਵਾਰ ਸੀ ਅਤੇ ਵੈਸਾਖ ਮਹੀਨੇ ਦੀ ੨੦ ਤਰੀਕ ਸੀ । ਅਪ੍ਰੈਲ ਸੰਨ ੧੪੬੯ ਸੀ । ਉਂਜ ਚੋਖੇ ਚਿਰ ਤੋਂ ਖਾਸ ਵਿਚਾਰਾਂ ਦੇ ਅਧੀਨ ਗੁਰੂ ਜੀ ਦੇ ਅਵਤਾਰ ਧਾਰਨ ਦਾ ਗੁਰਪੁਰਬ ਕੱਤਕ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ ।*

---

ਏਥੇ 'ਕੱਤਕ ਕਿ ਵਿਸਾਖ' ਦੇ ਲੰਮੇ ਝਗੜੇ ਵਿੱਚ ਪੈਣ ਦੀ ਲੋੜ ਨਹੀਂ, ਕੇਵਲ ਇੰਨਾਂ ਕਹਿਣਾ ਹੀ ਕਾਫੀ ਹੈ ਕਿ ਪੁਰਾਣੀਆਂ ਸਭ ਜਨਮ ਸਾਖੀਆਂ ਵਿੱਚ ਜਿਵੇਂ 'ਪੁਰਾਤਨ ਜਨਮ ਸਾਖੀ' ! ਮਿਹਰਬਾਨ ਦੀ ਤਿਆਰ ਕੀਤੀ 'ਸਾਖੀ', ਜਨਮਸਾਖੀ ਰਚਿਤ ਭਾਈ ਮਨੀ ਸਿੰਘ, 'ਮਹਿਮਾ ਪ੍ਰਕਾਸ਼' ਰਚਿਤ ਬਾਵਾ ਸਰੂਪ ਦਾਸ ਭੱਲਾ, ਗੁਰੂ ਜੀ ਦਾ ਜਨਮ ਵਿਸਾਖ ਸੁਦੀ ੩ ਦਾ ਦਿੱਤਾ ਹੈ । ਕੱਤਕ ਦਾ ਜਨਮ ਸਭ ਤੋਂ ਪਹਿਲਾਂ ਜੰਡਿਆਲੇ ਦੇ ਬਿਧੀ ਚੰਦ ਹੰਦਾਲੀਏ ਨੇ ਆਪਣੀ ਰਚੀ ਜਨਮ ਸਾਖੀ ਵਿੱਚ ਦਿੱਤਾ ਹੈ । ਗੁਰੂ ਨਾਨਕ ਪ੍ਰਕਾਸ਼ ਵਿੱਚ ਕੱਤਕ ਦਾ ਹੀ ਜਨਮ ਲਿਖਿਆ ਗਿਆ ਪਰ ਸਭੇ ਲਿਖਤਾਂ ਵੈਸਾਖ ਦਾ ਜਨਮ ਦੱਸਣ ਵਾਲੀਆਂ ਵੀ ਤੇ ਕਤਕ ਦਾ ਜਨਮ ਦੱਸਣ ਵਾਲੀਆਂ ਵੀ–ਇਸ ਗੱਲੇ ਸਹਿਮਤ ਹਨ ਕਿ ਗੁਰੂ ਜੀ ਅੱਸੂ ਸੰਮਤ ੧੫੯੬ ਵਿੱਚ ਜੋਤੀ-ਜੋਤ ਸਮਾਏ । ਇਹ ਗੱਲ ਵੀ ਸੱਭੇ ਮੰਨਦੇ ਹਨ ਕਿ ਗੁਰੂ ਜੀ ਦੀ ਜਗਤ ਫੇਰੀ ਦਾ ਸਮਾਂ ਕੁਲ ੭੦ ਸਾਲ ਪੰਜ ਮਹੀਨੇ ਤੇ ਸੱਤ ਦਿਨ ਦਿੱਤਾ ਹੈ ਪਰ ਕੱਤਕ ੧੫੨੬ ਤੋਂ ਅੱਸੂ ੧੫੯੬ ਤੀਕ ਦਾ ਸਮਾਂ ੭੦ ਸਾਲ ਤੋਂ ਵੀ ਘੱਟ ਬਣਦਾ ਹੈ । ਜੇ ਜਗਤ-ਫੇਰੀ ਦਾ ਸਮਾਂ ਇਨ੍ਹਾਂ ਮੰਨ ਕੇ ਅੱਸੂ ੧੫੯੬ ਤੋਂ ਪਿਛਾਂਹ ਨੂੰ ਗਿਣੀਏ, ਤਾਂ ਜਨਮ ਦਿਨ ਵੈਸਾਖ ੧੫੨੬ ਵਿੱਚ ਹੀ ਆਉਂਦਾ ਹੈ ।

ਜਨਮ ਨਗਰੀ–ਗੁਰੂ ਜੀ ਦਾ ਜਨਮ ਰਾਏ ਭੋਏ ਦੀ ਤਲਵੰਡੀ ਵਿੱਚ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਨਗਰੀ ਹੋਣ ਕਰ ਕੇ ਰਾਏ ਭੋਏ ਦੀ ਤਲਵੰਡੀ ਦਾ ਨਾਂ ਨਨਕਾਣਾ ਸਾਹਿਬ ਹੋ ਗਿਆ। ਇਹ ਨਗਰ ਲਾਹੌਰ ਤੋਂ ੪੦ ਕੁ ਮੀਲ ਦੱਖਣ-ਪੱਛਮ ਵੱਲ ਹੈ। ਤਲਵੰਡੀ ਉਸ ਸਮੇਂ ਇਕ ਨਿੱਕਾ ਜਿਹਾ ਪਿੰਡ ਸੀ, ਜਿਸ ਦੇ ਉਦਾਲੇ ਸੰਘਣਾ ਜੰਗਲ ਤੇ ਚੋਖਾ ਬੇ-ਆਬਾਦ ਇਲਾਕਾ ਸੀ। ਜਿਸ ਨੂੰ ਭੱਟੀ ਜ਼ਿਮੀਂਦਾਰ ਰਾਏ ਭੋਏ ਨੇ ਵਸਾਇਆ ਸੀ। ਉਹ ਇਸ ਦੇ ਇਰਦ-ਗਿਰਦ ਵੀਹਾਂ ਕੁ ਪਿੰਡਾਂ ਦਾ ਮਾਲਕ ਸੀ। ਉਸ ਦੇ ਚਲਾਣਾ ਕਰ ਜਾਣ ਮਗਰੋਂ ਉਸ ਦੀ ਥਾਂ ਉਸ ਦੇ ਪੁੱਤ ਰਾਏ ਬੁਲਾਰ ਨੇ ਸੰਭਾਲੀ। ਰਾਏ ਬੁਲਾਰ ਬੜਾ ਨੇਕ ਦਿਲ ਅਤੇ ਮਜ਼ਬੀ ਈਰਖਾ ਤੋਂ ਰਹਿਤ ਤੇ ਧਰਮੀ ਬੰਦਾ ਸੀ। ਗੁਰੂ ਨਾਨਕ ਦੇਵ ਜੀ ਦੇ ਬਾਲ ਚੋਜ ਵੇਖ ਕੇ ਉਹ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ। ਗੁਰੂ ਜੀ ਦੀ ਭੈਣ ਬੇਬੇ ਨਾਨਕੀ ਜੀ ਤੋਂ ਬਾਅਦ ਉਹ ਪਹਿਲਾ ਇਨਸਾਨ ਸੀ, ਜਿਸ ਨੇ ਗੁਰੂ ਨਾਨਕ ਦੇਵ ਵਿੱਚ ਰੱਬੀ-ਨੂਰ ਦਾ ਜਲਵਾ ਤੱਕਿਆ ਅਤੇ ਉਨ੍ਹਾਂ ਦੀ ਸਿੱਖੀ ਧਾਰਨ ਕੀਤੀ।

ਮਾਤਾ-ਪਿਤਾ–ਗੁਰੂ ਜੀ ਦੇ ਪਿਤਾ ਦਾ ਨਾਂ ਮਹਿਤਾ ਕਲਿਆਨ ਦਾਸ ਸੀ, ਪਰ ਆਮ ਕਰ ਕੇ ਉਨ੍ਹਾਂ ਨੂੰ ਮਹਿਤਾ ਕਾਲੂ ਜਾਂ ਬਾਬਾ ਕਾਲੂ ਕਰ ਕੇ ਹੀ ਸੱਦਿਆ ਜਾਂਦਾ ਹੈ। ਉਨ੍ਹਾਂ ਦਾ ਪੁਰਾਣਾ ਜੱਦੀ ਪਿੰਡ ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਤਰਨ ਤਾਰਨ ਪਿੰਡ 'ਪੱਠੇ ਵਿੰਡ' ਨਾਂ ਦਾ ਨਗਰ ਸੀ। ਜਿਸ ਦਾ ਨਾਂ ਮਗਰੋਂ ਡੇਰਾ ਸਾਹਿਬ ਹੋਇਆ। ਉਹ ਬੇਦੀ ਕੁਲ ਦੇ ਖੱਤਰੀ ਸਨ। ਗੁਰੂ ਜੀ ਦੀ ਮਾਤਾ ਦਾ ਨਾਂ ਮਾਤਾ ਤ੍ਰਿਪਤਾ ਜੀ ਸੀ। ਉਨ੍ਹਾਂ ਦੇ ਪੇਕੇ ਤਹਿਸੀਲ ਲਾਹੌਰ ਵਿੱਚ ਚਾਹਲ ਪਿੰਡ ਸਨ। ਗੁਰੂ ਜੀ ਇਸ ਸੁਭਾਗ ਜੋੜੀ ਦੇ ਇਕਲੌਤੇ ਪੁੱਤਰ ਸਨ। ਮਹਿਤਾ ਕਾਲੂ ਜੀ ਤਲਵੰਡੀ ਅਤੇ ਉਸ ਦੇ ਇਰਦ-ਗਿਰਦ ਦੇ ਇਲਾਕੇ ਦੇ ਮਾਲਕ ਰਾਏ ਬੁਲਾਰ ਦੇ ਕਾਰਦਾਰ ਅਤੇ ਮੁਖਤਾਰ ਸਨ। ਇਸ ਪਦਵੀ ਦੇ ਕਰ ਕੇ ਤੇ ਖਾਸ



ਕਰ ਕੇ ਉਨ੍ਹਾਂ ਦੇ ਨਿਜੀ ਗੁਣਾਂ ਤੇ ਚੰਗਿਆਈਆਂ ਸਦਕਾ, ਸਾਰੇ ਬਾਹਰ ਦੇ ਲੋਕ ਉਨ੍ਹਾਂ ਦਾ ਮਾਣ ਸਤਿਕਾਰ ਕਰਦੇ ਅਤੇ ਉਨ੍ਹਾਂ ਨੂੰ ਆਪਣਾ ਮੁਖੀ ਮੰਨਦੇ ਸਨ। ਉਹ ਆਪਣਾ ਕੰਮ ਯੋਗਤਾ, ਇਮਾਨਦਾਰੀ ਅਤੇ ਰੱਬ-ਰਹਿਮ ਨਾਲ ਕਰਦੇ ਸਨ। ਇਸ ਕਰ ਕੇ ਜਿਥੇ ਇਲਾਕੇ ਦੇ ਸਭੇ ਲੋਕ ਉਨ੍ਹਾਂ ਦੇ ਗੁਣ ਗਾਉਂਦੇ ਅਤੇ ਉਨ੍ਹਾਂ ਨੂੰ ਵਡਿਆਉਂਦੇ ਸਨ, ਉਥੇ ਰਾਏ ਬੁਲਾਰ ਨੂੰ ਉਨ੍ਹਾਂ ਉਪਰ ਪੂਰਾ ਭਰੋਸਾ ਅਤੇ ਇਤਬਾਰ ਸੀ।

ਬੇਬੇ ਨਾਨਕੀ ਜੀ-- ਗੁਰੂ ਜੀ ਦਾ ਭਰਾ ਤਾਂ ਕੋਈ ਨਹੀਂ ਸੀ, ਪਰ ਉਨ੍ਹਾਂ ਦੀ ਇਕ ਭੈਣ ਸੀ ਜੋ ਉਨ੍ਹਾਂ ਨਾਲੋਂ ਪੰਜ ਕੁ ਸਾਲ ਵੱਡੀ ਸੀ। ਉਸ ਦਾ ਨਾਂ ਬੀਬੀ ਨਾਨਕੀ ਜੀ ਸੀ। ਗੁਰੂ ਜੀ ਆਪਣੀ ਵੱਡੀ ਭੈਣ ਨੂੰ ਦੇਸ਼ ਰਿਵਾਜ਼ ਮੂਜਬ 'ਬੇਬੇ ਜੀ' ਕਿਹਾ ਕਰਦੇ ਸਨ। ਇਸ ਕਰ ਕੇ ਬੀਬੀ ਨਾਨਕੀ ਨੂੰ ਆਮ ਕਰ ਕੇ ਬੇਬੇ ਨਾਨਕੀ ਹੀ ਕਿਹਾ ਜਾਂਦਾ ਹੈ। ਬੇਬੇ ਜੀ ਦਾ ਜਨਮ ਉਨ੍ਹਾਂ ਦੇ ਨਾਨਕੇ ਘਰ, ਪਿੰਡ ਚਾਹਲ ਤਹਿਸੀਲ, ਲਾਹੌਰ ਵਿੱਚ ਸੰਮਤ ੧੫੨੧ ਵਿੱਚ ਹੋਇਆ। ਨਾਨਕੇ ਘਰੇ ਜਨਮ ਹੋਣ ਕਰ ਕੇ ਉਨ੍ਹਾਂ ਦਾ ਨਾਂ ਸ੍ਰੀ ਨਾਨਕੀ ਜੀ ਰੱਖਿਆ ਗਿਆ। ਮਗਰੋਂ ਬੇਬੇ ਨਾਨਕੀ ਜੀ ਦੇ ਨਾਂ 'ਤੇ ਹੀ ਉਨ੍ਹਾਂ ਦੇ ਵੀਰ ਦਾ ਨਾਂ ਸ੍ਰੀ ਨਾਨਕ ਜੀ ਧਰਿਆ ਗਿਆ। ਬੇਬੇ ਜੀ ਦਾ ਆਪਣੇ ਵੀਰ ਨਾਲ ਡੂੰਘਾ ਪਿਆਰ ਸੀ। ਇਸੇ ਪਿਆਰ ਦਾ ਸਦਕਾ ਹੀ ਉਹ ਪਹਿਲੇ ਇਨਸਾਨ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਵਿੱਚ ਕਰਤਾਰ ਦੀ ਜੋਤ ਨੂੰ ਪ੍ਰਤੱਖ ਵੇਖਿਆ ਅਤੇ ਉਨ੍ਹਾਂ ਦਾ ਧਰਮ ਧਾਰਨ ਕੀਤਾ। ਦੂਜੇ ਸ਼ਬਦਾਂ ਵਿੱਚ ਬੇਬੇ ਜੀ ਗੁਰੂ ਜੀ ਦੇ ਪਹਿਲੇ ਸਿੱਖ ਸਨ। ਉਹ ਸੁਲਤਾਨਪੁਰ ਲੋਧੀ ਦੇ ਦੀਵਾਨ ਜੈ ਰਾਮ ਜੀ ਨਾਲ ਵਿਆਹੀ ਗਈ। ਦੀਵਾਨ ਜੈ ਰਾਮ ਵੀ ਗੁਰੂ ਜੀ ਨਾਲ ਬਹੁਤ ਪਿਆਰ ਕਰਦਾ ਸੀ। ਅਸੀਂ ਵੇਖਾਂਗੇ ਕਿ ਇਸ ਦੇ ਪਤੀ ਦੇ ਇਸ ਪਿਆਰ ਦਾ ਸਦਕਾ ਹੀ ਗੁਰੂ ਜੀ ਮਗਰੋਂ ਸੁਲਤਾਨਪੁਰ ਜਾ ਟਿਕੇ।

ਬਾਲ-ਚੋਜ—ਗੁਰੂ ਨਾਨਕ ਦੇਵ ਜੀ ਆਮ ਬਾਲਾਂ ਜਿਹੇ ਬਾਲ ਨਹੀਂ ਸਨ । ਉਹ ਮੁੱਢ ਤੋਂ ਹੀ ਸੰਤੋਖੀ ਤੇ ਵਿਚਾਰਵਾਨ ਬਿਰਤੀ ਵੇਲੇ ਸਨ । ਉਹ ਚੁੱਪ ਕੀਤੇ ਪੰਘੂੜੇ ਵਿੱਚ ਪਏ ਰਹਿੰਦੇ ਅਤੇ ਆਪਣੇ ਮੋਟੇ-ਮੋਟੇ ਚਮਕੀਲੇ ਨੇਤ੍ਰਾਂ ਨਾਲ ਉਪਰ ਵੱਲ ਤੱਕਦੇ ਰਹਿੰਦੇ । ਭੁੱਖ ਲੱਗਣ 'ਤੇ ਵੀ ਉਹ ਰੋਇਆ ਨਹੀਂ ਸਨ ਕਰਦੇ। ਜਦ ਜ਼ਰਾ ਵਡੇਰੇ ਹੋਏ ਤਾਂ ਹਾਣ ਤੇ ਗੁਆਂਢੀ ਬਾਲਕਾਂ ਨਾਲ ਖੇਡਣ ਸਮੇਂ ਆਪਣੇ ਖਿਡੌਣੇ ਉਨ੍ਹਾਂ ਨੂੰ ਦੇ ਕੇ ਤੇ ਆਪ ਉਨ੍ਹਾਂ ਨੂੰ ਖੇਡਦਿਆਂ ਵੇਖ ਕੇ ਖੁਸ਼ ਹੋਇਆ ਕਰਦੇ ਸਨ । ਉਹ ਮਾਤਾ ਜੀ ਨੂੰ ਪ੍ਰੇਰਿਆ ਕਰਦੇ ਸਨ ਕਿ ਮੇਰੇ ਸੰਗੀਆਂ ਨੂੰ ਦੁੱਧ ਤੇ ਮੱਖਣ, ਚੋਪੜੀ ਰੋਟੀ ਛਕਾਓ । ਆਪ ਛਕਣ ਨਾਲੋਂ ਆਪਣੇ ਸੰਗੀਆਂ ਨੂੰ ਛਕਦੇ ਵੇਖ ਕੇ ਉਨ੍ਹਾਂ ਨੂੰ ਵਧੇਰੇ ਖੁਸ਼ੀ ਹੁੰਦੀ ਸੀ । ਉਹ ਤੁਰਦੇ-ਫਿਰਦੇ ਆਪਣੇ ਆਪ ਵਿੱਚ ਮਗਨ ਰਹਿੰਦੇ ਸਨ । ਆਪ ਬਾਲਕਾ ਵਾਂਗ ਭੜਥੂ ਖਰੂਦ ਪਾਣਾ ਜਾਂ ਹਾਣੀਆਂ ਜਾਂ ਗੁਆਂਢੀਆਂ ਨਾਲ ਲੜਨਾ ਝਗੜਣਾ ਤਾਂ ਉਹ ਜਾਣਦੇ ਹੀ ਨਹੀਂ ਸਨ । ਜਦ ਹਾਣੀਆਂ ਵਿੱਚ ਬੈਠਦੇ ਸਨ ਤਾਂ ਕਈ ਵਾਰ ਅੱਖਾਂ ਮੀਟ ਕੇ ਕਰਤਾਰ ਦਾ ਨਾਂ ਉਚਾਰਨ ਲੱਗ ਪੈਂਦੇ ਸਨ ਤੇ ਉਨ੍ਹਾਂ ਨੂੰ ਕਹਿੰਦੇ ਸਨ ਕਿ ਤੁਸੀਂ ਵੀ ਮੇਰੇ ਮਗਰ ਇਹੋ ਧੁਨ ਉਠਾਓ । ਉਹ ਸੰਤਾਂ ਫਕੀਰਾਂ ਦੇ ਖਾਸ ਪ੍ਰੇਮੀ ਸਨ । ਉਨ੍ਹਾਂ ਪਾਸ ਜਾ ਬੈਠਣ ਤੇ ਉਨ੍ਹਾਂ ਦੀਆਂ ਗੱਲਾਂ ਸੁਣਨ ਦਾ ਉਨ੍ਹਾਂ ਨੂੰ ਖ਼ਾਸ ਸ਼ੌਕ ਸੀ । ਉਹ ਪੜੇ ਦਾਨੀ ਸੁਭਾ ਦੇ ਮਾਲਕ ਸਨ । ਉਹ ਹਮੇਸ਼ਾਂ ਦਰ 'ਤੇ ਆਇਆਂ ਨੂੰ ਕੁਝ ਨਾ ਕੁਝ ਘਰੋਂ ਲਿਆ ਦੇਣ ਦਾ ਯਤਨ ਕਰਦੇ ਸਨ । ਜਦ ਕਿਸੇ ਲੋੜਵੰਦ ਨੂੰ ਤੱਕਦੇ ਤਾਂ ਜੋ ਸ਼ੈ ਘਰੋਂ ਪ੍ਰਾਪਤ ਕਰ ਸਕਦੇ ਉਹ ਉਸ ਨੂੰ ਜਾ ਦੇਂਦੇ ਸਨ ।

ਇਨ੍ਹਾਂ ਬਾਲ-ਚੋਜਾਂ ਦੇ ਕਾਰਨ ਉਹ ਸਾਰੇ ਪਿੰਡ ਦੇ ਪਿਆਰੇ ਬਣ ਗਏ । ਸੰਤ ਫਕੀਰ ਵੀ ਉਨ੍ਹਾਂ ਨੂੰ ਵੇਖ ਕੇ ਖੁਸ਼ ਹੁੰਦੇ ਤੇ ਅਸੀਸਾਂ ਦੇਂਦੇ ਸਨ ।



ਕਾਂਡ ੪

# ਵਿੱਦਿਆ, ਸ਼ਗਿਰਦੀ-ਉਸਤਾਦੀ

ਕਈ ਭੋਲੇ ਲੋਕ ਮਹਾਂ ਪੁਰਸ਼ਾਂ ਦੀ ਵਡਿਆਈ ਇਸ ਗੱਲ ਵਿੱਚ ਸਮਝਦੇ ਹਨ ਕਿ ਇਹ ਦੱਸਿਆ ਜਾਵੇ ਕਿ ਉਨ੍ਹਾਂ (ਮਹਾਂ ਪੁਰਸ਼ਾਂ) ਨੇ ਕਿਸੇ ਇਨਸਾਨ ਪਾਸੋਂ ਕੋਈ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ । ਇਹੋ ਕੁਝ ਗੁਰੂ ਨਾਨਕ ਦੇਵ ਜੀ ਦੇ ਕੁਝ ਭੁੱਲੜ ਸ਼ਰਧਾਲੂਆਂ ਨੇ ਕੀਤਾ ਹੈ । ਉਹ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਤਾਂ ਜਗਤ ਦੇ ਗੁਰੂ ਹੋ ਕੇ ਧੁਰ ਦਰਗਾਹੋਂ ਆਏ ਸਨ, ਉਹ ਲੋਕਾਂ ਨੂੰ ਪੜ੍ਹਾਉਣ ਆਏ ਸਨ, ਉਨ੍ਹਾਂ ਕਿਸੇ ਪਾਸੋਂ ਪੜ੍ਹਣਾ ਕੀ ਸੀ ? ਇਸ ਤਰ੍ਹਾਂ ਗੁਰੂ ਜੀ ਨੂੰ ਅਨਪੜ੍ਹ ਸਾਬਤ ਕਰਦੇ ਤੇ ਇਸ ਵਿੱਚ ਉਨ੍ਹਾਂ ਦੀ ਵਡਿਆਈ ਸਮਝਦੇ ਹਨ ਪਰ ਇਹ ਝੂਠੀ ਵਡਿਆਈ ਹੈ, ਇਹ ਗੱਲ ਵਾਕਿਆਤ ਦੇ ਉਲਟ ਹੈ । ਗੁਰੂ ਜੀ ਨੇ ਜੋ ਕੁਝ ਦੁਨੀਆਂ ਨੂੰ ਸਿਖਾਉਣਾ ਸੀ, ਉਹ ਸਭ ਕੁਝ ਉਨ੍ਹਾਂ ਨੂੰ ਧੁਰ ਦਰਗਾਹੋਂ ਮਿਲਿਆ ਸੀ । ਜਿਹੜੇ ਰੱਬੀ-ਗਿਆਨ ਦੀ, ਜਿਹੜੀ ਜੀਵਨ-ਜਾਚ ਦੀ ਦਾਤ ਉਨ੍ਹਾਂ ਨੇ ਜਗਤ ਵਾਸੀਆਂ ਨੂੰ ਦੇਣੀ ਸੀ, ਉਸ ਸੰਬੰਧੀ ਉਨ੍ਹਾਂ ਨੇ ਦੇਸ਼-ਦੇਸ਼ਾਂਤਰਾਂ ਵਿੱਚ ਚੱਕਰ ਲਾਉਣੇ ਤੇ ਹਰ ਥਾਂ ਦੇ ਲੋਕਾਂ ਨੂੰ ਆਪਣਾ ਸੰਦੇਸ਼ ਉਪਦੇਸ਼ ਦੇਣਾ ਸੀ । ਇਸ ਕਾਰਜ ਲਈ ਉਨ੍ਹਾਂ ਨੂੰ ਵੱਧ ਤੋਂ ਵੱਧ ਸ਼ਬਦ-ਭੰਡਾਰ ਦੀ ਲੋੜ ਸੀ। ਉਨ੍ਹਾਂ ਹੋਰਨਾਂ ਧਰਮਾਂ ਦੀਨਾਂ ਵਾਲਿਆਂ ਨੂੰ ਸੱਚੇ ਧਰਮ ਦਾ ਰਾਹ ਦਿਖਾਉਣ ਲਈ ਇਹ ਜ਼ਰੂਰੀ ਸੀ ਕਿ ਗੁਰੂ ਜੀ ਨੂੰ ਉਨ੍ਹਾਂ ਦੇ ਦੀਨਾਂ ਧਰਮਾਂ ਦੇ ਗੁਣਾਂ ਤੇ ਊਣਤਾਈਆਂ ਦੀ ਪੂਰੀ-ਪੂਰੀ ਵਾਕਫ਼ੀ ਹੁੰਦੀ, ਤਾਂ ਹੀ ਉਹ ਉਨ੍ਹਾਂ ਦੀਨਾਂ ਧਰਮਾਂ ਦੇ ਮੁਖੀਆਂ ਤੇ ਵਿਦਵਾਨਾਂ ਨਾਲ ਵਾਰਾ ਸਾਰਾ ਲੈ ਸਕਦੇ ਸਨ ।

ਮੌਲਵੀਆਂ, ਸੂਫੀ ਫਕੀਰਾਂ, ਹਾਜੀਆਂ, ਕਾਜ਼ੀਆਂ, ਪੰਡਤਾਂ, ਜੋਗੀਆਂ, ਸੰਨਿਆਸੀਆਂ, ਸਿੱਧਾਂ ਆਦਿ ਨਾਲ ਜਿਹੜੀ ਚਰਚਾ ਉਨ੍ਹਾਂ ਦੀ ਹੋਈ, ਉਸ ਤੋਂ ਪ੍ਰਤੱਖ ਪਿਆ ਦੀਹਦਾ ਹੈ ਕਿ ਗੁਰੂ ਜੀ ਨੂੰ ਇਨ੍ਹਾਂ ਸਭ ਮੱਤਾਂ ਦੀਨਾਂ ਤੇ ਧਰਮਾਂ ਬਾਰੇ ਡੂੰਘੀ ਵਾਕਫੀ ਸੀ।

ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਅਨਪੜ੍ਹ ਕਹਿਣਾ ਵਾਕਿਆਤ ਦੇ ਉਲਟ ਹੈ ਅਤੇ ਉਨ੍ਹਾਂ ਦੀ ਸ਼ਾਨ ਦੇ ਵਿਰੁੱਧ ਹੈ। ਅਸਲ ਗੱਲ ਇਹ ਹੈ ਕਿ ਗੁਰੂ ਜੀ ਨੂੰ ਅਜਿਹੀ ਵਿੱਦਿਆ ਦੇਣ ਦਿਵਾਉਣ ਦੇ ਜਤਨ ਪ੍ਰਬੰਧ ਜ਼ਰੂਰ ਕੀਤੇ ਗਏ ਜਿਹੋ ਜਿਹੀ ਉਨ੍ਹਾਂ ਸਮੇਂ ਠੀਕ ਸਮਝੀ ਤੇ ਦਿੱਤੀ ਜਾਂਦੀ ਸੀ।

ਮਹਿਤਾ ਕਾਲੂ ਜੀ ਗੁਰੂ ਨਾਨਕ ਦੇਵ ਜੀ ਦੇ ਰੰਗ-ਢੰਗ ਤੇ "ਘਰ-ਲੁਟਾਊ-ਵਤੀਰਾ" ਵੇਖ-ਵੇਖ ਕੇ ਬਹੁਤ ਖਿਝਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਇਸ ਪਾਸਿਓਂ ਮੋੜ ਕੇ ਧਨ-ਕਮਾਊ ਜਗਿਆਸੂ ਬਣਾਉਣਾ ਚਾਹੁੰਦੇ ਸਨ। ਇਸ ਆਸ਼ੇ ਦੀ ਪੂਰਤੀ ਲਈ ਮਹਿਤਾ ਜੀ ਨੇ ਆਪਣੇ ਇਕਲੌਤੇ ਪੁੱਤਰ ਨੂੰ ਪੜ੍ਹਨੇ ਪਾਉਣ ਦਾ ਫੈਸਲਾ ਕੀਤਾ। ਸੋ ਸੰਮਤ ੧੫੩੨ ਵਿੱਚ ਉਹ ਗੁਰੂ ਜੀ ਨੂੰ ਗੋਪਾਲ ਪਾਂਧੇ ਪਾਸ ਲੈ ਗਏ। ਉਸ ਪਾਂਧੇ ਨੇ ਇਕ ਛੋਟੀ ਜਿਹੀ ਪਾਠਸ਼ਾਲਾ ਚਲਾਈ ਹੋਈ ਸੀ। ਉਹ ਬਾਲਕਾਂ ਨੂੰ ਹਿਸਾਬ ਮੁਨੀਮੀ ਅਤੇ ਦੇਵਨਾਗਰੀ ਪੜ੍ਹਾਇਆ ਕਰਦਾ ਸੀ। ਉਸ ਨੇ ਮਹਿਤਾ ਕਾਲੂ ਜੀ ਦੇ ਸਪੁੱਤਰ ਨੂੰ ਬੜੇ ਆਦਰ ਤੇ ਚਾਉ ਨਾਲ ਆਪਣਾ ਸ਼ਗਿਰਦ ਬਣਾਇਆ ਅਤੇ ਪੜ੍ਹਾਈ ਸਿਖਲਾਈ ਸ਼ੁਰੂ ਕੀਤੀ।

ਗੁਰੂ ਜੀ ਬੜੇ ਬੀਬੇ ਸ਼ਗਿਰਦ ਅਤੇ ਤੇਜ ਪੜ੍ਹਾਕੂ ਸਾਬਤ ਹੋਏ। ਜੋ ਕੁਝ ਪਾਂਧਾ ਉਨ੍ਹਾਂ ਨੂੰ ਪੜ੍ਹਾ ਸਕਦਾ ਸੀ, ਉਹ ਸਭ ਕੁਝ ਉਨ੍ਹਾਂ ਨੇ ਥੋੜ੍ਹੇ ਸਮੇਂ ਵਿੱਚ ਹੀ ਸਿੱਖ ਪਕਾ ਲਿਆ। ਪਾਂਧਾ ਇਸ ਗੱਲ ਤੋਂ ਬੜਾ ਹੈਰਾਨ ਹੋਇਆ।

ਇਕ ਦਿਨ ਗੁਰੂ ਜੀ ਫੱਟੀ (ਪੱਟੀ) ਲੈ ਕੇ ਬਾਕੀ ਬਾਲਕਾਂ ਨਾਲੋਂ ਦੁਰੇਡੇ ਜਿਹੇ ਬਹਿ ਗਏ ਅਤੇ ਫੱਟੀ ਉੱਤੇ ਦਬਾ ਦਬ ਕੁਝ



ਲਿਖਣ ਲੱਗ ਪਏ ਕੁਝ ਚਿਰ ਮਗਰੋਂ ਲਿਖਤ ਸੰਪੂਰਨ ਹੋ ਗਈ। ਗੁਰੂ ਜੀ ਕਲਮ ਇਕ ਪਾਸੇ ਰੱਖ ਕੇ ਪੱਟੀ ਉਪਰਲੀ ਲਿਖਤ ਵੱਲ ਗਹੁ ਤੇ ਖੁਸ਼ੀ ਭਰੀ ਤੱਕਣੀ ਨਾਲ ਤੱਕਣ ਲੱਗ ਪਏ। ਪਾਂਧਾ ਉਨ੍ਹਾਂ ਦੇ ਪਾਸ ਗਿਆ ਤੇ ਕਹਿਣ ਲੱਗਾ, 'ਸ੍ਰੀ ਨਾਨਕ ਜੀ, ਕੀ ਲਿਖਿਆ ਜੇ ? ਜ਼ਰਾ ਵਿਖਾਓ ਤਾਂ ਸਹੀ।'

ਗੁਰੂ ਜੀ ਨੇ ਪੱਟੀ ਪਾਂਧੇ ਦੇ ਹੱਥ ਫੜਾਈ। ਪਾਂਧਾ ਜਿਉਂ ਜਿਉਂ ਲਿਖਤ ਨੂੰ ਪੜ੍ਹਦਾ, ਘੜੀ-ਮੁੜੀ ਸਿਰ ਹਿਲਾਈ ਤੇ ਨਿਵਾਈ ਜਾਂਦਾ। ਇਹ ਲਿਖਤ ਕੀ ਸੀ ? ਇਹ ਉਸ ਇਲਾਹੀ ਗੀਤ ਦੀ ਪਹਿਲੀ ਵੰਨਗੀ ਸੀ, ਜਿਸ ਰਾਹੀਂ ਗੁਰੂ ਜੀ ਨੇ ਇਨਸਾਨਾਂ ਨੂੰ ਆਪਾ-ਮਾਰੂ ਸੁਭਾਵਾਂ ਤੇ ਭਾਵਾਂ ਤੋਂ ਤੋੜ ਕੇ ਉਨ੍ਹਾਂ ਨੂੰ ਮਨੁੱਖਾਂ ਤੋਂ ਦੇਵਤੇ ਬਣਾਉਣਾ ਅਤੇ ਆਪਣੇ ਪਿਤਾ ਪਰਮਾਤਮਾ ਦੇ ਚਰਨਾਂ ਨਾਲ ਜੋੜਨਾ ਸੀ। ਇਸ ਪੱਟੀ ਉੱਪਰ ਉਸ ਸੰਦੇਸ਼ ਦਾ ਨਿਚੋੜ ਸੀ, ਜੋ ਗੁਰੂ ਜੀ ਮਨੁੱਖ ਜਾਤੀ ਨੂੰ ਦੇਣ ਆਏ ਸਨ। ਉਸ ਵਿੱਚੋਂ ਕੁਝ ਤੁਕਾਂ ਹੇਠਾਂ ਦਿੰਦੇ ਹਾਂ –

*ਸਸੈ ਸੋਇ ਸ੍ਰਿਸਟੀ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥*
*ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ॥੧॥*
*ਮਨ ਕਾਹੇ ਭੂਲੇ ਮੂੜ ਮਨਾ ॥*
*ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ਰਹਾਉ॥...*
*ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥*
*ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ੀ ਸਚੁ ਕਮਾਇਆ ॥੩॥*
*ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥*
*ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥੪॥...*
*ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥*
*ਬੁਰਾ ਭਲਾ ਜੇ ਸਮ[1] ਕਰਿ[2] ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥੮॥*
*ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥*

੧ ਮੰਦਾ ਚੰਗਾ, ਦੁੱਖ ਸੁਖ। ੨ ਬਰਾਬਰ।

*ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥੧੨॥*
*...ਡਡੈ ਡੰਫੁ[1] ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੋ ਸਭੁ ਚਲਣਾ॥*
*ਤਿਸੈ ਸਰੇਵਹੁ[2] ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥੧੬॥*
*...ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈਂ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥*
*...ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥'*
*ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ*
*ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥*[3]

ਪਾਂਧੇ ਨੂੰ ਮਹਾਂ-ਪਾਂਧਾ ਮਿਲ ਪਿਆ, ਉਸਤਾਦ ਨੂੰ ਉਸਤਾਦ ਲੱਭ ਪਿਆ । ਉਸਤਾਦ ਸ਼ਗਿਰਦ ਬਣ ਗਿਆ ਤੇ ਸ਼ਗਿਰਦ ਉਸਤਾਦ ਬਣ ਗਿਆ । ਪਾਂਧੇ ਨੂੰ ਅਸਲੀ ਵਿੱਦਿਆ ਦੀ ਦਾਤ ਤੇ ਰੌਸ਼ਨੀ ਮਿਲੀ । ਉਸ ਨੇ ਸਿਰ ਨਿਵਾਇਆ ।

ਕੁਝ ਚਿਰ ਮਗਰੋਂ ਉਸ ਨੇ ਕਿਹਾ,'ਸ੍ਰੀ ਨਾਨਕ ਜੀ, ਆਤਮਿਕ ਵਿੱਦਿਆ ਵਿੱਚ ਤਾਂ ਪੂਰਨ ਹੋ, ਪਰ ਤੁਸਾਂ ਦੁਨੀਆਂ ਵਿੱਚ ਰਹਿਣਾ ਹੈ । ਤੁਸਾਂ ਮਹਿਤਾ ਕਾਲੂ ਜੀ ਦਾ ਕਿੱਤਾ ਸੰਭਾਲਣਾ ਹੋਵੇਗਾ । ਕੁਝ ਲੇਖਾ-ਪੱਤਾ ਹੀ ਸਿੱਖ ਲਵੋ, ਤੁਹਾਡੇ ਕੰਮ ਆਵੇਗਾ ।'

ਗੁਰੂ ਜੀ ਨੇ ਕਿਹਾ,'ਹਾਂ ਜੀ, ਲੇਖਾ-ਪੱਤਾ ਤਾਂ ਹਰ ਇਕ ਨੂੰ ਸਿੱਖਣਾ ਚਾਹੀਦਾ ਹੈ । ਮੈਂ ਸਿੱਖਣ ਦਾ ਚਾਹਵਾਨ ਹਾਂ ਪਰ ਕੀ ਤੁਹਾਨੂੰ ਉਹ ਲੇਖਾ ਆਉਂਦਾ ਵੀ ਹੈ, ਜਿਸ ਦੀ ਮੈਨੂੰ ਲੋੜ ਹੈ ?'

'ਹਾਂ ਜੀ, ਵੇਖੋ ਨਾ ਤੁਹਾਡੇ ਪਾਸ ਬੈਠੇ ਬਾਲ ਇਹੋ ਸਿਖਲਾਈ ਕਰ ਰਹੇ ਹਨ ।'

ਗੁਰੂ ਜੀ– ਇਹ ਲੇਖਾ ਤਾਂ ਮੈਂ ਨਹੀਂ ਜੇ ਸਿੱਖਣਾ । ਇਹ ਮੇਰੇ ਕਿਸੇ ਕੰਮ ਨਹੀਂ । ਮੈਨੂੰ ਤਾਂ ਉਹ ਲੇਖਾ ਸਿੱਖਣ ਦੀ ਚਾਹ

*੧ ਪਖੰਡ, ਵਿਖਾਵਾ, ਅਡੰਬਰ । ੨ ਸੇਵਾ ਕਰੋ, ਉਪਾਸਨਾ ਕਰੋ । ੩ ਆਸਾ ਪੱਟੀ, ਮਹਲਾ ੧ (ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ ੪੩੨)।*



ਹੈ । ਜਿਹੜਾ ਉਸ ਵੇਲੇ ਮੇਰੇ ਕੰਮ ਆਵੇ ਜਦੋਂ ਰੱਬ ਦੀ ਦਰਗਾਹੇ ਇਸ ਜੀਵਨ ਦਾ ਲੇਖਾ ਦੇਣਾ ਪੈਣਾ ਹੈ ।'

ਪਾਂਧਾ– 'ਉਹ ਲੇਖਾ ਤਾਂ ਮੈਂ ਨਹੀਂ ਜਾਣਦਾ । ਤੁਸੀਂ ਹੀ ਦੱਸੋ ਕਿ ਅਜਿਹਾ ਲੇਖਾ-ਗਿਆਨ ਕਿਹੜਾ ਹੈ ?'

ਗੁਰੂ ਜੀ ਨੇ ਜੋ ਉੱਤਰ ਦਿੱਤਾ ਉਹ ਸਿਰੀ ਰਾਗ ਦੇ ਇਕ ਸ਼ਬਦ ਵਿੱਚ ਅੰਕਿਤ ਹੈ । ਉਸ ਦੇ ਕੇਂਦਰੀ ਭਾਵ ਵਾਲੇ ਮੁੱਢਲੇ ਪਦ ਇਹ ਹਨ –

*"ਜਾਲਿ[1] ਮੋਹੁ ਘਸਿ[2] ਮਸੁ[3] ਕਰਿ [4]ਮਤਿ ਕਾਗਦੁ ਕਰਿ ਸਾਰੁ ॥*
*ਭਾਉ[5] ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥*
*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥*
*ਬਾਬਾ ਏਹੁ ਲੇਖਾ ਲਿਖਿ ਜਾਣੁ ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥*[6]

ਪਾਂਧੇ ਦੀ ਨਿਸ਼ਾ ਹੋ ਗਈ । ਉਸ ਨੂੰ ਪੂਰਨ ਉਸਤਾਦ ਟੱਕਰ ਪਿਆ । ਉਸ ਨੇ ਆਪਣੇ ਧਨ ਭਾਗ ਸਮਝੇ ਕਿ ਮੈਨੂੰ ਅਜਿਹਾ ਗੁਰੂ ਮਿਲ ਪਿਆ ।

ਪਾਂਧਾ ਜੋ ਕੁਝ ਸਿਖਾ ਸਕਦਾ ਸੀ ਉਹ ਸਭ ਕੁਝ ਸਿੱਖ ਕੇ ਉਸ ਨੂੰ ਅਸਲੀ ਵਿੱਦਿਆ ਦਾ ਚਾਨਣ ਬਖ਼ਸ਼ ਕੇ, ਗੁਰੂ ਜੀ ਉਸ ਪਾਸ ਜਾਣੋਂ ਹਟ ਗਏ ।

(੨) ਕੁਝ ਚਿਰ ਗੁਰੂ ਜੀ ਨੇ ਵਿਹਲ ਮਾਣਿਆ । ਉਹ ਆਪਣੇ ਹਾਣੀਆਂ ਨਾਲ ਖੇਡਿਆ ਕਰਨ, ਜਾਂ ਚੁੱਪ ਸਾਧ ਕੇ ਕਿੰਨਾ ਕਿੰਨਾਂ ਚਿਰ ਬੈਠੇ ਰਿਹਾ ਕਰਨ ਅਤੇ ਜਾਂ ਸਾਧਾਂ ਫਕੀਰਾਂ ਦੀ ਸੰਗਤ ਵਿੱਚ ਗੱਲਾਂ-ਬਾਤਾਂ ਸੁਣਦੇ ਤੇ ਕਰਦੇ ਰਿਹਾ ਕਰਨ ।

*੧ ਸਾੜ ਕੇ । ੨ ਘਸਾ ਕੇ, ਰਗੜ ਕੇ । ੩ ਸਿਆਹੀ (ਉਦੋਂ ਬਦਾਮਾਂ ਦੇ ਛਿੱਲੜ ਸਾੜ ਕੇ ਸਿਆਹੀ ਬਣਾਈ ਜਾਂਦੀ ਸੀ । ਗੁਰੂ ਜੀ ਕਹਿੰਦੇ ਹਨ ਮਾਇਆ ਦੇ ਮੋਹ ਨੂੰ ਸਾੜੋ । ੪ (ਉੱਤਮ, ਉੱਚ ਦਰਜੇ ਦੀ) ਮਤ (ਸਮਝ, ਬੁੱਧੀ ਨੂੰ ਕਾਗਜ਼ ਬਣਾਓ)। ੫ ਰੱਬ ਦਾ ਪਿਆਰ, ਸ਼ਰਧਾ, ਵਿਸ਼ਵਾਸ । ੬ ਸਿਰੀ ਰਾਗ ਮਹਲਾ ੧, ਪੰਨਾ ੧੬ ।*

ਮਹਿਤਾ ਕਾਲੂ ਜੀ ਨੇ ਸਲਾਹ ਕੀਤੀ ਕਿ ਗੁਰੂ ਜੀ ਨੂੰ ਸ਼ਾਸਤ੍ਰੀ ਪੜ੍ਹਨ ਲਈ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਪੰਡਿਤ ਬ੍ਰਿਜ ਲਾਲ* ਪਾਸ ਪੜ੍ਹਨੇ ਪਾਇਆ ਜਾਵੇ, ਅਜਿਹਾ ਹੀ ਕੀਤਾ ਗਿਆ। ਇਹ ਗੱਲ ਸੰਮਤ ੧੫੩੫ ਦੀ ਹੈ। ਏਥੇ ਵੀ ਉਨ੍ਹਾਂ ਨੇ ਉਹੋ ਜਿਹੀ ਹੀ ਤੇਜ ਬੁੱਧੀ ਤੇ ਚਤੁਰਤਾ ਵਿਖਾਈ ਜਿਹੋ ਜਿਹੀ ਨਾਲ ਉਨ੍ਹਾਂ ਨੇ ਪਾਂਧੇ ਨੂੰ ਦੰਗ ਕੀਤਾ ਸੀ। ਜੋ ਕੁਝ ਉਹ ਪੰਡਤ ਬ੍ਰਿਜ ਲਾਲ ਪਾਸੋਂ ਸਿੱਖਣਾ ਚਾਹੁੰਦੇ ਸਨ, ਉਹ ਸਭ ਕੁਝ ਉਨ੍ਹਾਂ ਨੇ ਹੈਰਾਨ ਕਰ ਦੇਣ ਵਾਲੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਪੜ੍ਹ ਸਿੱਖ ਲਿਆ। ਫੇਰ ਉਨ੍ਹਾਂ ਪੰਡਤ ਬ੍ਰਿਜ ਲਾਲ ਨੂੰ ਆਪਣਾ ਸ਼ਗਿਰਦ ਬਣਾਇਆ ਅਤੇ ਰੱਬੀ-ਗਿਆਨ ਦੀ ਦਾਤ ਦੇ ਕੇ ਨਿਹਾਲ ਕੀਤਾ। ਇਸ ਪਿੱਛੋਂ ਛੇਤੀ ਹੀ ਉਨ੍ਹਾਂ ਪੰਡਤ ਪਾਸ ਜਾਣਾ ਛੱਡ ਦਿੱਤਾ।

ਕੁਝ ਚਿਰ ਲਈ ਹੁਣ ਫੇਰ ਗੁਰੂ ਜੀ ਨੂੰ ਵਿਹਲ ਦਾ ਰੰਗ ਮਾਣਨ ਦਾ ਮੌਕਾ ਮਿਲਿਆ। ਸਾਨੂੰ ਪਤਾ ਹੀ ਹੈ ਕਿ ਵਿਹਲ ਮਾਣਨ ਦਾ ਉਨ੍ਹਾਂ ਦਾ ਢੰਗ ਕੀ ਸੀ।

(੩) ਮਹਿਤਾ ਕਾਲੂ ਜੀ ਚੋਖੇ ਦੁਖੀ ਹੋਏ। ਉਨ੍ਹਾਂ ਦਾ ਇਕਲੋਤਾ ਪੁੱਤ ਪਿਤਾ-ਪੁਰਖੀ ਵਿੱਦਿਆ ਪ੍ਰਾਪਤੀ ਦੇ ਥਾਂ ਵਿਹਲੜ ਜਿਹਾ ਬਣਦਾ ਜਾਂਦਾ ਸੀ। ਡਰ ਸੀ ਕਿ, ਉਹ ਕਿਤੇ ਸਾਧ ਹੀ ਨਾ ਬਣ ਜਾਵੇ। ਰਾਏ ਬੁਲਾਰ ਨੇ ਸਲਾਹ ਦਿੱਤੀ, ਇਸ ਨੂੰ ਫ਼ਾਰਸੀ ਵੀ ਪੜ੍ਹਾਓ। ਤੁਹਾਡੇ ਮਗਰੋਂ ਮੈਂ ਇਸ ਨੂੰ ਆਪਣਾ ਪਟਵਾਰੀ ਤੇ ਮੁਖਤਾਰ ਬਣਾ ਲਵਾਂਗਾ।

ਸੋ ਐਸਾ ਹੀ ਕੀਤਾ ਗਿਆ। ਸੰਮਤ ੧੫੩੯ ਵਿੱਚ ਰਾਏ ਬੁਲਾਰ ਦੀ ਸਲਾਹ ਮੂਜਬ ਗੁਰੂ ਨਾਨਕ ਦੇਵ ਜੀ ਨੂੰ ਇਕ ਸਥਾਨਕ ਮੌਲਵੀ**ਪਾਸੋਂ ਫ਼ਾਰਸੀ ਪੜ੍ਹਨ ਲਈ ਮਦਰੱਸੇ ਦਾਖਲ ਕਰਵਾਇਆ

* ਇਸ ਪੰਡਤ ਦਾ ਨਾਂ ਕਈ ਥਾਈਂ ਬੈਜ ਨਾਥ ਵੀ ਆਇਆ ਹੈ।

**ਇਸ ਮੌਲਵੀ ਦਾ ਨਾਂ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਕੁਤਬਦੀਨ ਦਿੱਤਾ ਹੈ, ਮੈਕਾਲਿਫ ਸਾਹਿਬ ਨੇ ਰੁਕਨੁੱਦੀਨ।



ਗਿਆ। ਏਥੇ ਵੀ ਉਹ ਉਹੋ ਜਿਹੇ ਹੀ ਤਾਕ ਅਤੇ ਤੇਜ਼ ਬੁੱਧੀ ਵਾਲੇ ਹੁਸ਼ਿਆਰ ਪੜ੍ਹਾਕੂ ਸਾਬਤ ਹੋਏ, ਜਿਹੋ ਜਿਹੇ ਅੱਗੇ ਪਾਂਧੇ ਤੇ ਪੰਡਤ ਪਾਸ ਸਾਬਤ ਹੋਏ ਸਨ। ਜੋ ਕੁਝ ਉਹ ਮੌਲਵੀ ਪਾਸੋਂ ਸਿੱਖਣ ਦੀ ਲੋੜ ਮਹਿਸੂਸ ਕਰਦੇ ਸਨ, ਉਹ ਉਨ੍ਹਾਂ ਨੇ ਛੇਤੀ ਹੀ ਪੜ੍ਹ-ਗੁੜ੍ਹ ਲਿਆ। ਫੇਰ ਉਨ੍ਹਾਂ ਨੇ ਮੌਲਵੀ ਨਾਲ ਵੀ ਉਹੋ ਜਿਹਾ ਹੀ ਕੌਤਕ ਵਰਤਾਇਆ ਜਿਹੋ ਜਿਹਾ ਉਹ ਅੱਗੇ ਪਾਂਧੇ ਤੇ ਪੰਡਤ ਨਾਲ ਵਰਤਾ ਚੁੱਕੇ ਸਨ। ਉਸ ਨੂੰ ਉਨ੍ਹਾਂ ਨੇ ਆਪਣਾ ਸ਼ਗਿਰਦ ਬਣਾਇਆ, ਉਸ ਨੂੰ ਰੱਬੀ-ਗਿਆਨ ਦੀ ਦਾਤ ਬਖ਼ਸ਼ੀ ਅਤੇ ਰੂਹਾਨੀ-ਜੀਵਨ ਦੀ ਜਾਚ ਦੱਸੀ।

ਫੇਰ ਗੁਰੂ ਜੀ ਮਦਰੱਸੇ ਜਾਣੋਂ ਵੀ ਹਟ ਗਏ। ਜਿੰਨੀ ਵਿੱਦਿਆ ਉਹ ਦੋ ਉਸਤਾਦਾਂ ਪਾਸੋਂ ਪ੍ਰਾਪਤ ਕਰਨ ਦੀ ਲੋੜ ਮਹਿਸੂਸ ਕਰਦੇ ਸਨ ਓਨੀ ਉਨ੍ਹਾਂ ਨੇ ਪ੍ਰਾਪਤ ਕਰ ਲਈ ਸੀ। ਹੁਣ ਫੇਰ ਉਨ੍ਹਾਂ ਨੂੰ ਵੇਹਲ ਮਿਲ ਗਈ, ਜਿਸ ਨੂੰ ਉਨ੍ਹਾਂ ਨੇ ਆਪਣੀ ਮਨ-ਮਰਜੀ ਮੁਜ਼ਬ ਮਾਣਨਾ ਅਰੰਭ ਕਰ ਦਿੱਤਾ। ਚੋਖਾ ਸਮਾਂ ਉਹ ਸੰਤਾਂ ਫਕੀਰਾਂ ਨਾਲ ਚਰਚਾ ਵਿਚਾਰ ਕਰਨ ਵਿੱਚ ਲੰਘਾਇਆ ਬਿਤਾਇਆ ਕਰਦੇ ਸਨ। ਇਕ ਮੁਸਲਮਾਨ ਇਤਿਹਾਸਕਾਰ ਇਹ ਲਿਖਦਾ ਹੈ ਕਿ ਗੁਰੂ ਜੀ ਨੇ ਸੱਯਦ ਮੁਹੰਮਦ ਹਸਨ ਨਾਮੇਂ ਇਕ ਦਰਵੇਸ਼ ਪਾਸੋਂ ਇਸਲਾਮੀ ਸਾਹਿਤ ਵੀ ਪੜ੍ਹਿਆ। ਪੁਰਾਤਨ ਜਨਮ ਸਾਖੀ ਵਿੱਚ ਲਿਖਿਆ ਹੈ। "ਜਬ ਨਾਨਕ ਬਰਸਾ ਨੌਂਵਾਂ ਕਾ ਹੋਆ, ਤਬ ਫਿਰ ਤੋਰਕੀ (ਫਾਰਸੀ) ਪੜ੍ਹਨੇ ਪਾਇਆ, ਵਤ ਘਰ ਬਹਿ ਗਿਆ।"

* * *

ਕਾਂਡ ੫

## ਗਊਆਂ ਮੱਝਾਂ ਦੇ ਵਾਗੀ

ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਪੜ੍ਹਾਈ ਤਾਂ ਇੰਜ ਹੀ ਸੰਪੂਰਨ ਹੋ ਗਈ । ਜਿਨ੍ਹਾਂ ਤਿੰਨਾਂ ਉਸਤਾਦਾਂ ਪਾਸ ਉਨ੍ਹਾਂ ਨੂੰ ਵਾਰੋ ਵਾਰੀ ਪੜ੍ਹਨੇ ਪਾਇਆ ਗਿਆ ਸੀ, ਉਨ੍ਹਾਂ ਤਿੰਨਾਂ ਪਾਸੋਂ ਸਿੱਖਣ-ਯੋਗ ਹੁਨਰ ਤੇ ਵਿਦਿਆ ਉਨ੍ਹਾਂ ਨੇ ਹੈਰਾਨ ਕਰ ਦੇਣ ਵਾਲੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਪ੍ਰਾਪਤ ਕਰ ਲਈ ਸੀ । ਫੇਰ ਉਨ੍ਹਾਂ ਤਿੰਨਾਂ ਨੇ ਹੀ ਆਪ ਨੂੰ ਆਪਣਾ ਰੂਹਾਨੀ ਉਸਤਾਦ ਮੰਨ ਲਿਆ ਸੀ । ਗੁਰੂ ਜੀ ਨੂੰ ਫੇਰ ਵਿਹਲ ਮਿਲ ਗਿਆ । ਵਿਹਲਾ ਸਮਾਂ ਉਹ ਆਪਣੇ ਮਨ ਭਾਉਂਦੇ ਸ਼ੁਗਲਾਂ ਤੇ ਰੁਝੇਵਿਆਂ ਵਿੱਚ ਗੁਜ਼ਾਰਦੇ ਸਨ । ਅਸੀਂ ਵੇਖ ਹੀ ਚੁੱਕੇ ਹਾਂ ਕਿ ਉਹ ਸ਼ੁਗਲ ਤੇ ਰੁਝੇਵੇਂ ਕੀ ਤੇ ਕਿਹੋ ਜਿਹੇ ਸਨ?

ਮਹਿਤਾ ਕਾਲੂ ਜੀ ਫੇਰ ਦੁਖੀ ਤੇ ਚਿੰਤਾਤੁਰ ਸਨ । ਉਹ ਨਹੀਂ ਸਨ ਚਾਹੁੰਦੇ ਕਿ ਸਾਡਾ ਇਕਲੌਤਾ ਪੁੱਤ ਵਿਹਲਾ ਪਿਆ ਫਿਰੇ ਜਾਂ ਸਾਧਾਂ ਫਕੀਰਾਂ ਦੀ ਸੰਗਤ ਵਿੱਚ ਬਹਿ ਉਠ ਕੇ ਦੁਨੀਆਂ ਤੋਂ ਉਪਰਾਮਤਾ ਧਾਰਨ ਕਰ ਲਵੇ । ਉਹ ਗੁਰੂ ਜੀ ਨੂੰ ਕਾਮਯਾਬ ਜਗਿਆਸੂ ਬਨਾਉਣਾ ਚਾਹੁੰਦੇ ਸਨ । ਉਹ ਚਾਹੁੰਦੇ ਸਨ ਕਿ ਗੁਰੂ ਜੀ ਕਿਸੇ ਅਜਿਹੇ ਕਾਰੇ ਵਿਹਾਰੇ ਲੱਗ ਪੈਣ ਜਿਸ ਤੋਂ ਲਾਹਾ ਪ੍ਰਾਪਤ ਹੋਵੇ ਅਤੇ ਨਾਲ ਹੀ ਦੁਨੀਆਂਦਾਰੀ ਦੇ ਜੀਵਨ ਵੱਲ ਲਗਨ ਲੱਗੇ ਤੇ ਰੁਚੀ ਵਧੇ ।

ਮਹਿਤਾ ਜੀ ਨੇ ਸੋਚਿਆ, 'ਇਸ ਨੂੰ ਜੰਗਲ ਬੇਲੇ ਵਿੱਚ ਰਹਿਣ ਤੇ ਤੁਰਨ-ਫਿਰਨ ਦਾ ਸ਼ੌਂਕ ਹੈ । ਇਸ ਨੂੰ ਗਊਆਂ ਮੱਝਾਂ ਤੇ ਕੱਟੀਆਂ ਵੱਛੀਆਂ ਨਾਲ ਹੀ ਚੋਖਾ ਪਿਆਰ ਹੈ । ਇਹ ਉਨ੍ਹਾਂ ਨੂੰ ਘਾਹ ਪੱਠਾ ਪਾਉਣ ਤੇ ਉਨ੍ਹਾਂ ਨਾਲ ਪਿਆਰ ਕਰਨ ਦਾ ਬੜਾ





ਸ਼ੁਕੀਨ ਹੈ, ਹੋਵੇ ਨਾ ਤਾਂ ਉਸ ਨੂੰ ਮੱਝਾਂ ਚਾਰਨ 'ਤੇ ਹੀ ਲਾ ਦੇਈਏ । ਇਸ ਤਰ੍ਹਾਂ ਉਸ ਨੂੰ ਖੁਲ੍ਹੇ ਫਿਰਨ ਤੇ ਇਕਾਂਤ ਵਿੱਚ ਰਹਿ ਕੇ ਮਨ ਦੀਆਂ ਉਡਾਰੀਆਂ ਲਾਉਣ ਦਾ ਮੌਕਾ ਵੀ ਮਿਲ ਜਾਵੇਗਾ। ਉਹ ਇਹੋ ਕੁਝ ਹੀ ਲੱਭਦਾ ਹੈ । ਨਾਲ ਹੀ ਉਹ ਇਕ ਲਾਭ ਦਾ ਕੰਮ ਕਰਦਾ ਰਹੇਗਾ । ਸ਼ਾਇਦ ਉਸ ਨੂੰ ਇਹ ਕੰਮ ਹੀ ਪਸੰਦ ਆ ਜਾਵੇ ਅਤੇ ਮੱਝਾਂ ਪਾਲਣ ਦਾ ਵਿਹਾਰ ਹੀ ਤੋਰ ਲਏ । ਇਹ ਕਿੱਤਾ ਵੀ ਚੰਗਾ ਭਲਾ ਹੈ ।'

ਇਹ ਸੋਚ ਕੇ ਮਹਿਤਾ ਜੀ ਨੇ ਆਪਣੀ ਦਲੀਲ ਗੁਰੂ ਜੀ ਨੂੰ ਦੱਸੀ । ਗੁਰੂ ਜੀ ਮਾਪਿਆਂ ਦੀ ਆਗਿਆ ਪਾਲਣੀ ਚਾਹੁੰਦੇ ਸਨ । ਉਹ ਅਮੋੜ ਜਾਂ ਆਪ-ਹੁਦਰੇ ਨਹੀਂ ਸਨ । ਨਾ ਹੀ ਉਹ ਵਿਹਲੜ ਬਣ ਕੇ ਵਿਹਲੀਆਂ ਖਾਣੀਆਂ ਚਾਹੁੰਦੇ ਸਨ । ਉਹ ਝੱਟ ਮੰਨ ਗਏ।

ਗੁਰੂ ਨਾਨਕ ਦੇਵ ਜੀ ਗਊਆਂ ਮੱਝਾਂ ਦੇ ਵਾਗੀ ਬਣ ਗਏ । ਉਨ੍ਹਾਂ ਦਾ ਇਨ੍ਹਾਂ ਬੇਜ਼ੁਬਾਨ ਜੀਵਾਂ ਨਾਲ ਪਿਆਰ ਸੀ ਤੇ ਇਨ੍ਹਾਂ ਦਾ ਉਨ੍ਹਾਂ ਨਾਲ । ਇਹ ਆਪ ਜੀ ਦੇ ਮਗਰ ਇਉਂ ਲੱਗੀਆਂ ਫਿਰਿਆ ਕਰਨ ਜੀਕੁਰ ਕਿਤੇ ਚਿਰਾਂ ਦੀਆਂ ਗਿੱਝੀਆਂ ਹੋਈਆਂ ਸਨ । ਜੰਗਲ ਬੇਲੇ ਦੀ ਇਕਾਂਤ ਵਿੱਚ ਉਹ ਬੜੇ ਖੁਸ਼ ਰਿਹਾ ਕਰਨ । ਉਥੇ ਉਨ੍ਹਾਂ ਨੂੰ ਪਿਤਾ-ਪਰਮਾਤਮਾ ਨੂੰ ਯਾਦ ਕਰਨ, ਉਸ ਦੇ ਚਰਨਾਂ ਵਿੱਚ ਮਨ ਜੋੜਨ ਅਤੇ ਉਸ ਦੀ ਕੁਦਰਤ ਨਾਲ ਇਕ-ਮਿਕ ਹੋਣ ਤੇ ਮੇਲ ਕਰਨ ਦਾ ਰੱਜਵਾਂ ਮੌਕਾ ਮਿਲਦਾ ਸੀ । ਉਹ ਸਵੇਰੇ ਪਸ਼ੂਆਂ ਨੂੰ ਬਾਹਰ ਲੈ ਜਾਇਆ ਕਰਨ ਅਤੇ ਤ੍ਰਕਾਲਾਂ ਨੂੰ ਰਜਾ ਪੁਜਾ ਕੇ ਘਰ ਲਿਆਇਆ ਕਰਨ ।

ਮਹਿਤਾ ਜੀ ਬੜੇ ਖੁਸ਼ ਸਨ । ਉਹ ਕਹਿਣ, 'ਨਾਨਕ ਨੂੰ ਹੁਣ ਮਨ-ਭਾਉਂਦਾ ਕੰਮ ਮਿਲ ਗਿਆ ਹੈ । ਇਹ ਇਸ ਵਿੱਚ ਲੱਗ ਕੇ ਸਾਧਾਂ ਫਕੀਰਾਂ ਮਗਰ ਭੌਣਾ ਤੇ ਘਰ ਲੁਟਾਉਣਾ ਵੀ ਛੱਡ ਦੇਵੇਗਾ

ਅਤੇ ਕਮਾਉਣ ਦਾ ਵੱਲ ਤੇ ਸੁਭਾ ਵੀ ਸਿੱਖ ਲਵੇਗਾ।'

ਇਕ ਦਿਨ ਗੁਰੂ ਜੀ ਸਦਾ ਵਾਂਗਰ ਗਊਆਂ ਮਹੀਆਂ ਜੰਗਲ ਵਿੱਚ ਲੈ ਗਏ, ਉਹ ਚਰਨ ਲੱਗ ਪਈਆਂ। ਆਪ ਇਕ ਰੁੱਖ ਹੇਠ ਬਹਿ ਗਏ ਤੇ ਲੱਗ ਪਏ ਕਰਤਾਰ ਦਾ ਸਿਮਰਨ ਕਰਨ। ਛੇਤੀ ਹੀ ਉਨ੍ਹਾਂ ਦੀ ਬ੍ਰਿਤੀ ਪੂਰਨ ਤੌਰ 'ਤੇ ਕੁਦਰਤ ਵਿੱਚ ਵਸ ਰਹੇ, ਪਰ ਸਦਾ ਅਲੇਪ ਪਰਮਾਤਮਾ ਦੇ ਚਰਨਾਂ ਵਿੱਚ ਜੁੜ ਗਈ। ਆਪ ਨੂੰ ਬਾਹਰ ਦੀ ਦੁਨੀਆਂ ਦੀ ਕੋਈ ਸੁੱਧ ਬੁੱਧ ਨਾ ਰਹੀ। ਪਸ਼ੂ ਆਪਣੀ ਮੌਜ ਵਿੱਚ ਚਰਦੇ ਫਿਰੇ। ਚਰਦੇ-ਚਰਦੇ ਉਹ ਇਕ ਭੱਟੀ ਜੱਟ ਦੀ ਪੈਲੀ ਵਿੱਚ ਜਾ ਪਏ ਅਤੇ ਉਸ ਵਿਚਲੀ ਹਰੀ-ਹਰੀ ਫਸਲ ਦਬਾ ਦਬ ਖਾਣ ਲੱਗ ਪਏ। ਪੈਲੀ ਵਾਲਾ ਨੱਸਿਆ ਆਇਆ, ਉਸ ਨੇ ਵੱਗ ਆਪਣੀ ਪੈਲੀ ਵਿਚੋਂ ਕੱਢਿਆ ਅਤੇ ਵਾਗੀ ਪਾਸ ਆ ਪੁੱਜਾ। ਗੁਰੂ ਜੀ ਨੂੰ ਵੇਖ ਕੇ ਕਹਿਣ ਲੱਗਾ, *'ਵੇਖੋ ਨਾ ਘਰੋਂ ਆਇਆ ਜੇ ਵਾਗੀ ਬਣ ਕੇ ਡੰਗਰ ਚਾਰਨ ਤੇ ਬਹਿ ਕੇ ਸੌਂ ਰਿਹਾ ਹੈ ਰੁੱਖ ਦੀ ਸੰਘਣੀ ਠੰਢੀ ਛਾਵੇਂ, ਉਠ ਓਇ, ਵੱਡਿਆ ਵਾਗੀਆ! ਵੇਖ ਤਾਂ ਸਹੀ, ਤੇਰੇ ਵੱਗ ਨੇ ਮੇਰਾ ਲਹੂ-ਪਾਣੀ ਇਕ ਕਰ ਕੇ ਤਿਆਰ ਕੀਤੀ ਫਸਲ ਦਾ ਕੀ ਹਾਲ ਕੀਤਾ ਹੈ ?'*

ਗੁਰੂ ਜੀ ਸਾਵਧਾਨ ਹੋ ਗਏ। ਉਨ੍ਹਾਂ ਨੇ ਨੇਤ੍ਰ ਖੋਲ੍ਹ ਕਿਰਸਾਨ ਵੱਲ ਤੱਕਿਆ, ਉਸ ਦਾ ਗਿਲ੍ਹਾ ਸੁਣਿਆ ਅਤੇ ਸ਼ਾਂਤੀ ਭਰੀ ਮਿੱਠੀ ਆਵਾਜ਼ ਵਿੱਚ ਕਿਹਾ, *'ਚਿੰਤਾ ਕ੍ਰੋਧ ਨਾ ਕਰ ਮਿੱਤਰਾ! ਇਨ੍ਹਾਂ ਰੱਬ ਦੇ ਜਾਇਆਂ ਬੇਜ਼ਬਾਨ ਜੀਵਾਂ ਨੇ ਤੇਰੀ ਪੈਲੀ ਵਿਚੋਂ ਜੇ ਦੋ ਬੁਰਕ ਮਾਰ ਲਏ ਹਨ ਤਾਂ ਰੱਬ ਭਾਂਗਾ ਪੂਰਾ ਕਰੇਗਾ। ਤੇਰੀ ਫਸਲ ਵਿੱਚ ਉਹ ਬਰਕਤ ਪਵੇਗੀ, ਤੈਨੂੰ ਘਾਟਾ ਨਹੀਂ ਰਹੇਗਾ।'*

ਪਰ ਪੈਲੀ ਵਾਲੇ ਦਾ ਕ੍ਰੋਧ ਮੱਠਾ ਨਾ ਹੋਇਆ, ਉਸ ਨੂੰ ਧੀਰਜ ਨਾ ਆਈ। ਉਹ ਵੱਗ ਤੇ ਵਾਗੀ ਦੋਹਾਂ ਨੂੰ ਰਾਏ ਬੁਲਾਰ



ਪਾਸ ਲੈ ਗਿਆ। ਉਸ ਨੇ ਸ਼ਿਕਾਇਤ ਕੀਤੀ ਕਿ *ਇਨ੍ਹਾਂ ਪਸ਼ੂਆਂ ਨੇ ਮੇਰੀ ਫਸਲ ਉਜਾੜ ਦਿੱਤੀ ਹੈ। ਸਾਰਾ ਖੇਤ ਤਹਿ ਕਰ ਦਿੱਤਾ ਹੈ। ਮੈਨੂੰ ਹਰਜਾਨਾ ਦਿਵਾਇਆ ਜਾਵੇ !'*

ਰਾਏ ਬੁਲਾਰ ਨੇ ਗੁਰੂ ਜੀ ਵੱਲ ਤੱਕਿਆ। ਅੱਗੋਂ ਉਹ ਬੋਲੇ *'ਇਹ ਠੀਕ ਹੈ ਕਿ ਪਸ਼ੂ ਇਸ ਵੀਰ ਦੀ ਪੈਲੀ ਵਿੱਚ ਜਾ ਪਏ ਸਨ। ਪਸ਼ੂ ਜੋ ਹੋਏ ! ਪਰ ਇਨ੍ਹਾਂ ਰੱਬ ਦੇ ਜਾਇਆਂ ਬੇਜ਼ਬਾਨਾਂ ਦੇ ਦੋ ਚਾਰ ਬੁਰਕ ਲਈ ਗਰੀਬ ਜੱਟ ਦੀ ਫਸਲ ਨਾਸ ਨਹੀਂ ਹੋਣੀ ਚਾਹੀਦੀ। ਕਰਤਾਰ ਸਭ ਦਾ ਪਾਲਣਹਾਰ, ਸਭ ਉਪਰ ਦਇਆ ਕਰਦਾ ਹੈ। ਉਹ ਭਲੀ ਕਰੇਗਾ।'*

ਪਰ ਭੱਟੀ ਜੱਟ ਨੇ ਕਿਹਾ, *'ਮੈਂ ਇਨ੍ਹਾਂ ਗੱਲਾਂ ਨਾਲ ਪਤੀਜਨ ਵਾਲਾ ਨਹੀਂ। ਮੈਨੂੰ ਹਰਜਾਨਾ ਦਿਵਾਇਆ ਜਾਵੇ।'*

ਰਾਏ ਬੁਲਾਰ ਨੇ ਆਪਣੇ ਇਕ ਬੰਦੇ ਨੂੰ ਕਿਹਾ, *'ਇਸ ਨਾਲ ਜਾਹ ਅਤੇ ਇਸ ਦੀ ਫਸਲ ਦੇ ਹੋਏ ਨੁਕਸਾਨ ਦਾ ਅੰਦਾਜ਼ਾ ਲਾ ਲਿਆ।'*

ਦੋਵੇਂ ਜਣੇ ਪੈਲੀ ਪਾਸ ਗਏ। ਸਾਰੀ ਪੈਲੀ ਹਰੀ-ਭਰੀ ਤੇ ਲਹਿ-ਲਹਿ ਕਰਦੀ ਸੀ। ਜਿਸ ਨੁੱਕਰੋਂ ਪਸ਼ੂਆਂ ਨੇ ਖੇਤੀ ਖਾਧੀ ਸੀ, ਉਥੇ ਹੁਣ ਹੋਰ ਸਾਰੀ ਪੈਲੀ ਨਾਲੋਂ ਵਧੀਆ ਸੀ। ਕਿਰਸਾਨ ਹੈਰਾਨ ਹੋ ਗਿਆ। ਉਹ ਪੈਲੀ ਵਿੱਚ ਥਾਂ-ਥਾਂ ਜਾ ਕੇ ਖੇਤੀ ਨੂੰ ਟੋਹਵੇ ਕਿ ਕਿਤੇ ਕੋਈ ਮਦਾਰੀ ਵਾਲੀ ਨਜ਼ਰ-ਬੰਦੀ ਵਾਲਾ ਹੱਥ ਤਾਂ ਨਹੀਂ ਹੋ ਗਿਆ। ਪਰ ਤਲਿਸਮ ਜਾਦੂ ਵਾਲੀ ਜਾਂ ਨਜ਼ਰ-ਬੰਦੀ ਵਾਲੀ ਕੋਈ ਗੱਲ ਨਹੀਂ ਸੀ। ਖੇਤੀ ਠੀਕ ਹੀ ਹਰੀ ਕਾਇਮ ਤੇ ਸਗੋਂ ਅੱਗੇ ਨਾਲੋਂ ਵੀ ਚੰਗੀ ਸੀ।

ਦੋਵੇਂ ਵਾਪਸ ਰਾਏ ਬੁਲਾਰ ਪਾਸ ਜਾ ਪੁੱਜੇ। ਰਾਏ ਦੇ ਆਦਮੀ ਨੇ ਖੇਤੀ ਦੀ ਅੱਖੀਂ ਡਿੱਠੀ ਹਾਲਤ ਦੱਸੀ। ਸਭੇ ਹੈਰਾਨ

ਹੋ ਗਏ, ਰਾਏ ਬੁਲਾਰ ਨੇ ਅੱਗੇ ਸੁਣਿਆ ਹੀ ਹੋਇਆ ਸੀ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਨੇ ਪਾਂਧੇ, ਪੰਡਿਤ ਤੇ ਮੌਲਵੀ ਨੂੰ ਰੱਬੀ-ਗਿਆਨ ਬਖ਼ਸ਼ਿਆ ਸੀ। ਇਹ ਕੌਤਕ ਵੇਖ ਕੇ ਉਸ ਨੂੰ ਪੱਕਾ ਨਿਸਚਾ ਹੋ ਗਿਆ ਕਿ ਗੁਰੂ ਨਾਨਕ ਦੇਵ ਜੀ ਆਮ ਮਨੁੱਖਾਂ ਵਰਗੇ ਨਹੀਂ ਹਨ। ਸਗੋਂ ਰੱਬ ਦੇ ਖ਼ਾਸ ਨਵਾਜ਼ੇ ਹੋਏ ਵਲੀ ਹਨ।

ਕੁਝ ਚਿਰ ਮਗਰੋਂ ਰਾਏ ਬੁਲਾਰ ਨੇ ਇਕ ਹੋਰ ਕੌਤਕ ਵੇਖਿਆ। ਉਹ ਘੋੜੀ ਉਤੇ ਚੜ੍ਹਿਆ ਕਿਸੇ ਲਾਗਲੇ ਪਿੰਡੋਂ ਵਾਪਸ ਆ ਰਿਹਾ ਸੀ। ਉਸ ਨੇ ਵੇਖਿਆ ਕਿ ਬੇਲੇ ਵਿੱਚ ਇਕ ਰੁੱਖ ਦੀ ਛਾਵੇਂ ਗੁਰੂ ਨਾਨਕ ਦੇਵ ਜੀ ਘੂਕ ਸੁੱਤੇ ਹੋਏ ਹਨ ਤੇ ਗਊਆਂ ਮਹੀਆਂ ਉਦਾਲੇ ਘੇਰਾ ਘੱਤੀ ਬੈਠੀਆਂ ਹਨ। ਜਾਂ ਹੋਰ ਨੇੜੇ ਹੋਇਆ ਤਾਂ ਵੇਖਿਆ ਕਿ ਗੁਰੂ ਜੀ ਦੇ ਸਿਰ ਦੇ ਪਾਸ ਇਕ ਵੱਡਾ ਸਾਰਾ ਫਨ੍ਹੀਅਰ ਸੱਪ ਫੰਨ੍ਹ ਖਿਲਾਰੀ ਬੈਠਾ ਹੈ। ਰਾਏ ਬੁਲਾਰ ਨੂੰ ਖਿਆਲ ਆਇਆ, 'ਸੱਪ ਨੇ ਰੱਬ ਦੇ ਇਸ ਪਿਆਰੇ ਨੂੰ ਡੱਸ ਕੇ ਮਾਰ ਦਿੱਤਾ ਜਾਪਦਾ ਹੈ। ਛੇਤੀ-ਛੇਤੀ ਘੋੜੀ ਅਗਾਂਹ ਕੀਤੀ। ਘੋੜੀ ਦੇ ਟਾਪਾਂ ਦਾ ਖੜਾਕ ਸੁਣ ਕੇ ਸੱਪ ਫੰਨ੍ਹ ਵਲ੍ਹੇਟ ਕੇ ਛਪਨ ਹੋ ਗਿਆ। ਗੁਰੂ ਜੀ ਉਠ ਬੈਠੇ ਅਤੇ ਪਿਆਰ ਭਰੀ ਮੁਸਕ੍ਰਾਹਟ ਨਾਲ ਰਾਏ ਬੁਲਾਰ ਵੱਲ ਤੱਕਣ ਲੱਗ ਪਏ।'

ਰਾਏ ਬੁਲਾਰ ਛੇਤੀ-ਛੇਤੀ ਘੋੜੀ ਤੋਂ ਉਤਰਿਆ ਤੇ ਗੁਰੂ ਜੀ ਦੇ ਚਰਨੀਂ ਪਿਆ। ਫੇਰ ਉਸ ਨੇ ਉਨ੍ਹਾਂ ਨੂੰ ਜੱਫੀ ਵਿੱਚ ਲੈ ਕੇ ਘੁੱਟ ਕੇ ਹਿੱਕ ਨਾਲ ਲਾਇਆ। ਉਸ ਦਿਨ ਤੋਂ ਉਹ ਗੁਰੂ ਜੀ ਦਾ ਪੱਕਾ ਸ਼ਰਧਾਲੂ ਸਿੱਖ ਬਣ ਗਿਆ।

★ ★ ★



ਕਾਂਡ ੬

# ਜਨੇਊ

ਗੁਰੂ ਨਾਨਕ ਦੇਵ ਜੀ ਹੁਣ ਉਨੀ ਸਾਲ ਦੇ ਹੋ ਗਏ ਸਨ ਜਦ ਹਿੰਦੂਆਂ ਦੇ ਰਿਵਾਜ ਮੂਜਬ ਲੜਕੇ ਨੂੰ ਜਨੇਊ ਪਵਾਇਆ ਜਾਂਦਾ ਹੈ। ਮਹਿਤਾ ਜੀ ਨੇ ਆਪਣੀ ਕੁਲ ਦੇ ਪੁਰੋਹਿਤ ਹਰਦਿਆਲ ਦੀ ਸਲਾਹ ਨਾਲ ਇਸ ਕੁਲ-ਰੀਤ ਲਈ ਦਿਨ ਮਿਥਿਆ ਅਤੇ ਤਿਆਰੀਆਂ ਸ਼ੁਰੂ ਕੀਤੀਆਂ। ਸਭ ਅੰਗਾਂ-ਸਾਕਾਂ, ਸੱਜਣਾਂ, ਮਿੱਤਰਾਂ, ਬਰਾਦਰੀ-ਭਾਈਚਾਰੇ ਦੇ ਲੋਕਾਂ ਅਤੇ ਆਂਢੀਆਂ ਗੁਆਂਢੀਆਂ ਨੂੰ ਸੱਦੇ ਭੇਜੇ ਗਏ। ਛਕਣ ਛਕਾਉਣ ਦੇ ਪ੍ਰਬੰਧ ਦਿਲ ਖੋਲ੍ਹ ਕੇ ਕੀਤੇ ਗਏ। ਮਿਥਿਆ ਹੋਇਆ ਦਿਨ ਆ ਗਿਆ। ਸਭ ਅੰਗ-ਸਾਕ, ਸੱਜਣ-ਮਿੱਤਰ, ਬਰਾਦਰੀ-ਭਾਈਚਾਰੇ ਦੇ ਲੋਕ ਅਤੇ ਆਂਢੀ-ਗੁਆਂਢੀ ਆ ਜੁੜੇ।

ਮੁਢਲੀਆਂ ਰਸਮਾਂ ਤੇ ਪੂਜਾ ਪਾਠ ਕਰਨ ਮਗਰੋਂ ਪੁਰੋਹਿਤ ਹਰਦਿਆਲ ਨੇ ਗੁਰੂ ਜੀ ਦੇ ਗਲ ਜਨੇਊ ਪਾਉਣ ਲਈ ਬਾਂਹ ਉਤਾਂਹ ਕੀਤੀ ਤੇ ਅਗਾਂਹ ਵਧਾਈ। ਗੁਰੂ ਜੀ ਨੇ ਬਾਂਹ ਫੜ ਲਈ ਤੇ ਕਿਹਾ, *'ਕੀ ਕਰਨ ਲੱਗੇ ਹੋ ਮਿਸਰ ਜੀ ! ਇਹ ਧਾਗਾ ਕੀ ਹੈ ? ਇਸ ਦਾ ਕੀ ਫਾਇਦਾ ਹੈ ?'*

*ਪੁਰੋਹਿਤ*– 'ਇਹ ਜਨੇਊ ਹੈ। ਇਹ ਉਚੀ ਜਾਤ ਦੇ ਹਿੰਦੂਆਂ ਦੀ ਨਿਸ਼ਾਨੀ ਹੈ। ਇਸ ਦੇ ਪਾਏ ਬਿਨਾਂ ਹਿੰਦੂ ਨੀਚ-ਜਾਤੀਏ ਸ਼ੂਦਰ ਸਮਾਨ ਹੁੰਦਾ ਹੈ।'

*ਗੁਰੂ ਜੀ*– 'ਮਿਸਰ ਜੀ ! ਇਹ ਗੱਲ ਮੈਨੂੰ ਜੱਚਦੀ ਨਹੀਂ ਉੱਚੀ ਜਾਤ ਉਸ ਦੀ ਹੈ ਜੋ ਉਚੇ ਬੰਦਿਆਂ ਵਾਲੇ ਉਚੇ ਸੁੱਚੇ ਨੇਕ ਕੰਮ ਕਰੇ। ਨੀਚ-ਜਾਤੀਆ ਉਹ ਹੈ ਜਿਹੜਾ ਨੀਚਾਂ ਵਾਲੇ ਗੰਦੇ ਤੇ ਨੀਵੇਂ ਕੰਮ ਕਰੇ। ਮੰਦੇ ਕੰਮ ਕਰਨ ਅਤੇ ਪਾਪ ਕਮਾਉਣ ਵਾਲਾ ਬੰਦਾ ਧਾਗਾ ਪਾਇਆਂ ਉੱਚ-ਜਾਤੀਆ ਕਿਵੇਂ ਬਣ ਸਕਦਾ ਹੈ ?'

ਪੁਰੋਹਿਤ–'ਇਹ ਰੀਤ ਅੱਜ ਦੀ ਤਾਂ ਨਹੀਂ। ਇਹ ਤਾਂ ਜੁਗਾਂ ਜੁਗਾਂਤਰਾਂ ਤੋਂ ਤੁਰੀ ਆਉਂਦੀ ਹੈ ਅਤੇ ਪੁਰਾਤਨ ਰਿਸ਼ੀਆਂ ਮੁਨੀਆਂ ਤੇ ਮਹਾਪੁਰਸ਼ ਮਹਾਤਮਾ ਜਨਾਂ ਦੀ ਤੋਰੀ ਹੋਈ ਹੈ। ਕੁਲ-ਰੀਤ ਦੀ ਉਲੰਘਣਾ ਕਰਨੀ ਬੀਬੇ ਬਾਲਕਾਂ ਨੂੰ ਨਹੀਂ ਸੋਭਦੀ। ਇਸ ਦੇ ਪਾਇਆਂ ਤੁਹਾਨੂੰ ਲੋਕ ਪਰਲੋਕ ਵਿੱਚ ਮਾਨ ਪ੍ਰਾਪਤ ਹੋਵੇਗਾ, ਹਠ ਨਾ ਕਰੋ, ਲਓ, ਪਾਓ!'

ਗੁਰੂ ਜੀ–'ਵਿਚਾਰ ਵਿੱਚ ਬਜ਼ੁਰਗਾਂ ਮਹਾਪੁਰਸ਼ਾਂ ਦਾ ਵਾਸਤਾ ਪਾ ਕੇ ਅਗਲੇ ਨੂੰ ਚੁੱਪ ਕਰਾਉਣਾ ਤਾਂ ਠੀਕ ਨਹੀਂ ਹੁੰਦਾ। ਮੇਰੇ ਸੰਕੇ ਤਾਂ ਨਵਿਰਤ ਕਰੋ ਨਾ! ਨਾਲੇ ਇਕ ਗੱਲ ਦੱਸੋ, ਇਹ ਜਨੇਊ ਜਿਹੜਾ ਤੁਸੀਂ ਮੈਨੂੰ ਅੱਜ ਪਾਓਗੇ, ਕੀ ਇਹ ਸਾਰੀ ਉਮਰ ਮੇਰੇ ਨਾਲ ਨਿਭੇਗਾ? ਕੀ ਇਹ ਹੰਢ ਘਸ ਕੇ, ਬੋਦਾ ਹੋ ਕੇ ਟੁੱਟ ਤਾਂ ਨਹੀਂ ਪਵੇਗਾ? ਜੇ ਟੁੱਟ ਗਿਆ, ਤਾਂ ਕੀ ਮੈਂ ਫੇਰ ਸ਼ੂਦਰ ਨਾ ਬਣ ਜਾਵਾਂਗਾ?'

ਪੁਰੋਹਿਤ–'ਨਹੀਂ! ਇਹ ਪੁਰਾਣਾ ਹੋ ਜਾਊ ਤਾਂ ਇਸ ਨੂੰ ਸੁੱਟ ਕੇ ਨਵਾਂ ਹੋਰ ਪਾ ਲੈਣਾ।'

ਗੁਰੂ ਜੀ–'ਪੁਰੋਹਿਤ ਜੀ, ਮੈਨੂੰ ਤਾਂ ਓਹ ਜਨੇਊ ਦਿਓ ਜਿਸ ਵਿੱਚ ਏਨਾਂ ਜ਼ੋਰ ਹੋਵੇ ਕਿ ਉਹ ਕਦੇ ਟੁੱਟੇ ਹੀ ਨਾ, ਸਾਰੀ ਉਮਰ ਮੇਰੇ ਨਾਲ ਨਿਭੇ ਅਤੇ ਮੈਨੂੰ ਮੰਦੇ ਨੀਵੇਂ ਕੰਮ ਕਰਨੋਂ ਰੋਕ ਕੇ ਸ਼ੂਦਰ ਬਣਨੋਂ ਬਚਾਈ ਰੱਖੇ।'

ਪੁਰੋਹਿਤ–'ਤੁਸੀਂ ਤਾਂ ਅਨਹੋਈਆਂ ਤੇ ਅਨਹੋਣੀਆਂ ਗੱਲਾਂ ਕਰ ਰਹੇ ਹੋ। ਅਜਿਹਾ ਤੱਗ ਤਾਂ ਅਸਾਂ ਕਦੇ ਡਿੱਠਾ ਸੁਣਿਆ ਹੀ ਨਹੀਂ।'

ਗੁਰੂ ਜੀ–'ਹੱਛਾ, ਮਿਸਰ ਜੀ, ਮੈਂ ਇਕ ਹੋਰ ਗੱਲ ਪੁੱਛਾਂ? ਦੱਸੋਗੇ?'

ਪੁਰੋਹਿਤ–'ਪੁੱਛੋ।'

ਗੁਰੂ ਜੀ-'ਤੁਸਾਂ ਕਿਹਾ ਸੀ ਕਿ ਇਹ ਜਨੇਊ ਮੇਰੀ ਅਗਲੇ ਜਹਾਨੇ ਵੀ ਸਹਾਇਤਾ ਕਰੇਗਾ, ਮੈਨੂੰ ਮਾਣ ਦਿਵਾਏਗਾ। ਉਹ



ਕੀਕੁਰ?' ਇਹ ਤਾਂ ਸਰੀਰ ਦੇ ਨਾਲ ਸੜ ਜਾਵੇਗਾ। ਇਹ ਜੀਅ (ਆਤਮਾ) ਦੇ ਨਾਲ ਨਹੀਂ ਜਾਵੇਗਾ। ਓਥੇ ਤਾਂ ਆਤਮਾ ਜਨੇਊ ਬਿਨਾਂ ਹੀ ਜਾਵੇਗੀ। ਮੈਨੂੰ ਤਾਂ ਕੋਈ ਅਜਿਹਾ ਜਨੇਊ ਦਿਓ ਜਿਹੜਾ ਆਤਮਾ ਦੇ ਨਾਲ ਜਾਵੇ, ਜਿਸ ਦੇ ਹੁੰਦਿਆਂ ਮੈਂ ਅਗਲੇ ਜਹਾਨ ਬੇ-ਤੱਗਾ ਨਾ ਜਾਵਾਂ।

ਪੁਰੋਹਿਤ– 'ਤੁਸੀਂ ਅਨੋਖੀ ਤੋਂ ਅਲੋਖੀ ਗੱਲ ਕਰੀ ਜਾਂਦੇ ਹੋ। ਅਜਿਹੇ ਜਨੇਊ ਅਸਾਂ ਤਾਂ ਕਦੇ ਡਿੱਠਾ ਸੁਣਿਆ ਨਹੀਂ। ਤੁਸੀਂ ਹੀ ਦੱਸੋ ਓਹ ਕੀਕੁਰ ਬਣਾਈਦਾ ਹੈ ਜਾਂ ਕਿਥੋਂ ਲੱਭਦਾ ਹੈ?'

ਗੁਰੂ ਜੀ– 'ਚੰਗਾ ਫੇਰ, ਸੁਣੋ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥*[੧]

ਮਿਸਰ ਜੀ, ਅਜਿਹੇ ਜਨੇਊ ਪਾ ਕੇ ਬੰਦਾ ਏਥੇ ਉਚ-ਜਾਤੀਆਂ ਵਾਲੇ ਕੰਮ ਕਰਦਾ ਹੈ, ਨੀਚ ਤੇ ਭੈੜੇ ਕੰਮਾਂ ਤੋਂ ਬਚਦਾ ਹੈ ਅਤੇ ਇਸ ਤਰ੍ਹਾਂ ਠੀਕ ਹੀ ਉਚ-ਜਾਤੀਆ ਬਣ ਜਾਂਦਾ ਹੈ। ਇਸ ਤਰ੍ਹਾਂ ਜੀਵ ਚੰਗੇ-ਕੰਮਾਂ ਦੀ ਗੰਢ ਬੰਨ੍ਹ ਕੇ ਅਗਲੇ ਜਹਾਨੇ ਆਪਣੇ ਨਾਲ ਲਿਜਾਂਦਾ ਹੈ ਤੇ ਸਹਾਈ ਹੁੰਦਾ ਹੈ ਪਰ ਬੜੀ ਅਨੋਖੀ ਗੱਲ ਤਾਂ ਇਹ ਹੈ ਕਿ ਜਿਹੜੇ ਲੋਕ ਆਪ ਬੇ-ਤੱਗੇ ਹਨ, ਜਿਨ੍ਹਾਂ ਨੇ ਅਸਲੀ ਜਨੇਊ ਕਦੇ ਤਨ ਨਾਲ ਛੁਹਾਇਆ ਵੀ ਨਹੀਂ ਹੁੰਦਾ ਉਹ ਧਾਗੇ ਵੱਟ ਕੇ ਹੋਰਨਾਂ ਦੇ ਗਲੀਂ ਪਾਉਂਦੇ ਹਨ ਤੇ ਕਹਿੰਦੇ ਹਨ, 'ਇਹ ਤੁਹਾਨੂੰ ਉਚ-ਜਾਤੀਆ ਬਣਾ ਦੇਵੇਗਾ, ਤੁਹਾਡੀ ਲੋਕ ਪਰਲੋਕ ਸਹਾਇਤਾ ਕਰੇਗਾ।' ਕਿੰਨੀ ਅਨੋਖੀ ਗੱਲ ਹੈ ਇਹ। ਮੈਂ ਤਾਂ ਵੇਖਦਾ ਹਾਂ ਕਿ ਚਾਰ ਚੁਫੇਰੇ ਅਣਗਿਣਤ ਬੰਦੇ ਅਜਿਹੇ ਹਨ, ਜੋ ਉਚ-ਜਾਤੀਏ ਬਣੇ ਫਿਰਦੇ ਹਨ, ਪਰ ਜਿਹੜੇ ਬੇ-ਤੱਗੇ ਹਨ, ਜਿਨ੍ਹਾਂ ਦਿਆਂ ਨੇਤਰਾਂ, ਹੱਥਾਂ, ਪੈਰਾਂ, ਇੰਦਰੀਆਂ ਤੇ ਜੀਭਾਂ ਨੂੰ ਕਾਬੂ ਵਿੱਚ

*੧ ਵਾਰ ਆਸਾ, ਮਹਲਾ ੧ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੧)।*

ਰੱਖਣ ਵਾਲਾ ਕੋਈ ਧਾਗਾ ਨਹੀਂ । ਸਭਨਾਂ ਇਸਤਰੀਆਂ ਨੂੰ ਤਾਂ ਤੁਹਾਡੇ ਸੂਤ ਵਾਲਾ ਧਾਗਾ ਪਾਇਆ ਵੀ ਨਹੀਂ ਮਿਲਦਾ । ਤੁਸੀਂ ਤਾਂ ਆਪ ਭੀ ਬੇ-ਤੱਗੇ ਹੋ । ਉਹ ਕਿਵੇਂ ? ਲਓ ਸੁਣੋ :-

*ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ॥*
*ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ॥*
*ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥. . .*
*ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥*[੧]

ਗੁਰੂ ਜੀ ਦੇ ਇਹ ਬਚਨ ਸੁਣ ਕੇ ਪੰਡਤ ਹਰਦਿਆਲ ਦੇ ਦੰਦ ਜੁੜ ਗਏ, ਮੂੰਹ ਨੂੰ ਜਿੰਦਰਾ ਲੱਗ ਗਿਆ । ਅੱਗੋਂ ਕਹਿੰਦਾ ਵੀ ਕੀ ?

ਗੁਰੂ ਜੀ ਨੇ ਫੇਰ ਕਿਹਾ, ਧਰਮ ਕਮਾਉਣਾ ਨਾ, ਪਰ ਧਰਮ ਦੇ ਚਿੰਨ੍ਹ ਪਾਈ ਫਿਰਨਾ ਤੇ ਭੇਖ ਬਣਾਈ ਫਿਰਨਾ, ਪਖੰਡਬਾਜ਼ੀ ਹੈ । ਇਹ ਤਾਂ ਇਉਂ ਹੈ ਜਿਵੇਂ ਡਾਕੂ ਲੁਟੇਰਾ ਸੰਤਾਂ ਵਾਲੀ ਖੱਫਣੀ ਤੇ ਮਾਲਾ ਪਹਿਨ ਕੇ ਆਪਣਾ ਕੰਮ ਲੁੱਟ-ਮਾਰ ਦਾ ਕਰਦਾ ਫਿਰੇ। ਅਜਿਹੇ ਭੇਖਾਂ ਨਾਲ ਭਾਵੇਂ ਦੁਨੀਆਂ ਤਾਂ ਠੱਗੀ ਜਾ ਸਕੇ, ਰੱਬ ਨਹੀਂ ਠੱਗਿਆ ਜਾ ਸਕਦਾ । ਉਸ ਦੀ ਦਰਗਾਹ ਤਾਂ ਉਹ ਚੰਗੇ ਮੰਦੇ ਸਾਰੇ ਕੰਮ ਸਾਡੇ ਨਾਲ ਉਗਾਹ ਹੋਣਗੇ ਜੋ ਅਸੀਂ ਦੁਨੀਆਂ ਵਿੱਚ ਕਰਾਂਗੇ ।

ਸਭ ਮੰਨ ਗਏ ਕਿ ਗੁਰੂ ਜੀ ਦੇ ਬਚਨ ਸੱਚੇ ਹਨ । ਉਨ੍ਹਾਂ ਸਭ ਨੇ ਸੀਸ ਨਿਵਾਏ ਤੇ ਘਰੋ-ਘਰੀਂ ਚਲੇ ਗਏ ਪਰ ਮਹਿਤਾ ਕਾਲੂ ਜੀ ਕਾਫ਼ੀ ਨਿਰਾਸ਼ ਹੋਏ ਕਿ (ਸਾਡੇ) ਪੁੱਤ ਨੇ ਜਨੇਊ ਨਾ ਪਾਇਆ ਅਤੇ ਕੁਲ-ਰੀਤ ਭੰਗ ਕਰ ਦਿੱਤੀ ।

❀ ❀ ❀

੧ ਵਾਰ ਆਸਾ, ਮਹਲਾ ੧ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੧) ।



ਕਾਂਡ ੭

## ਵੈਦ ਰੋਗੀਆਂ ਦਾ : ਖਰਾ (ਸੱਚਾ) ਸੌਦਾ

(੧)

ਗੁਰੂ ਜੀ ਹੁਣ ਬਹੁਤਾ ਸਮਾਂ ਰੱਬ ਦੇ ਧਿਆਨ ਵਿੱਚ ਜੁੜੇ ਰਿਹਾ ਕਰਨ, ਬੜੇ ਦਿਲਗੀਰ ਜਿਹੇ ਜਾਪਣ । ਕਈ ਕਈ ਦਿਨ ਨਾ ਕੁਝ ਖਾਣ ਤੇ ਨਾ ਕੁਝ ਪੀਣ । ਮਾਪਿਆਂ ਨੇ ਸਮਝਿਆ ਕਿ ਸ਼ਾਇਦ ਬਿਮਾਰ ਹੋ ਗਏ ਹਨ । ਉਨ੍ਹਾਂ ਨੇ ਇਕ ਚੰਗੇ ਪ੍ਰਸਿੱਧ ਵੈਦ ਨੂੰ ਸੱਦਿਆ । ਵੈਦ ਗੁਰੂ ਜੀ ਦੀ ਨਬਜ਼ ਵੇਖਣ ਲੱਗਾ, ਤਾਂ ਉਨ੍ਹਾਂ ਨੇ ਆਪਣੀ ਬਾਂਹ ਪਿਛਾਂਹ ਖਿੱਚ ਲਈ ਅਤੇ ਕਹਿਣ ਲੱਗੇ :

*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ*[੧] *॥੧॥*

ਫੇਰ ਕਹਿਣ ਲੱਗੇ, ਵੈਦ ਜੀ ! ਜਾਓ ਆਪਣਾ ਵਿਹਾਰ ਕਰੋ। ਤੁਹਾਨੂੰ ਨਾ ਮੇਰੇ ਦੁੱਖ ਦੀ ਸੂਝ ਹੀ ਹੋ ਸਕਦੀ ਹੈ ਅਤੇ ਨਾ ਹੀ ਤੁਹਾਥੋਂ ਇਸ ਦਾ ਦਾਰੂ ਹੀ ਹੋ ਸਕਦਾ ਹੈ ।

ਵੈਦ–ਤੁਸੀਂ ਆਪ ਹੀ ਦੱਸੋ ਕਿ ਤੁਹਾਨੂੰ ਕੀ ਦੁੱਖ ਹੈ । ਖਬਰੇ ਮੇਰਾ ਕੋਈ ਟੋਟਕਾ ਮਾਫਕ ਆ ਜਾਵੇ ।

ਗੁਰੂ ਜੀ– ਵੈਦ ਜੀ, ਖੇਚਲ ਨਾ ਕਰੋ, ਮੈਨੂੰ ਦਵਾ-ਦਾਰੂ ਕੋਈ ਨਾ ਦਿਓ । ਮੇਰਾ ਦੁੱਖ ਤੁਹਾਡੇ ਦਾਰੂ ਦੀ ਮਾਰ ਤੋਂ ਪਰ੍ਹੇ ਹੈ । ਉਹ ਦੁੱਖ ਇਹ ਹੈ–ਸਭ ਤੋਂ ਵੱਡਾ ਦੁੱਖ ਜੋ ਸਿਰਜਣਹਾਰ ਤੋਂ ਵਿਛੋੜਾ । ਨਾਲ ਹੀ ਉਸ ਕਰਤਾਰ ਲਈ ਸਦਾ ਲੱਗੀ ਰਹਿਣ ਵਾਲੀ ਭੁੱਖ ਦਾ ਵੀ ਦੁੱਖ ਲੱਗਾ ਹੈ । ਤੀਜਾ ਦੁੱਖ ਮੌਤ ਦਾ ਡਰ। ਨਾਲੇ ਮੈਨੂੰ ਇਹ ਵੀ ਦੁੱਖ ਹੈ ਕਿ ਮੇਰਾ ਸਰੀਰ ਰੋਗ ਦਾ ਸ਼ਿਕਾਰ ਬਣ ਕੇ ਨਾਸ ਹੋ ਜਾਵੇਗਾ । ਭੋਲਿਆ ਵੈਦਾ ! ਮੈਨੂੰ ਦਾਰੂ ਨਾ ਦੇ । ਤੇਰੇ

੧ ਵਾਰ ਮਲਾਰ, ਮ: ੧, ਪੰਨਾ ੧੨੭੯ ।

ਪਾਸ ਦਾ ਕੋਈ ਦਾਰੂ ਮੇਰੇ ਤਨ ਮਨ ਦਾ ਦੁੱਖ ਦੂਰ ਨਹੀਂ ਕਰ ਸਕਦਾ । ਪਰਮਾਤਮਾ ਦਾ ਨਾਮ ਵਿਸਾਰ ਕੇ ਜਦ ਬੰਦਾ ਵਿਸ਼ੇ-ਭੋਗਾਂ ਵਿੱਚ ਲੱਗਦਾ ਹੈ, ਤਾਂ ਉਸ ਦਾ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਮਨ ਨੂੰ ਕਸ਼ਟ ਪੁੱਜਦਾ ਹੈ । ਇਸ ਦੁੱਖ ਦਾ ਤੇਰੇ ਪਾਸ ਕੀ ਦਾਰੂ ਹੈ ? ਭੋਲਿਆ ਵੈਦਾ ! ਜਿਵੇਂ ਚੰਦਨ ਤਦ ਤੀਕ ਹੀ ਗੁਣਕਾਰੀ ਮੰਨਿਆ ਜਾਂਦਾ ਹੈ, ਜਦ ਤੀਕ ਉਸ ਵਿੱਚ ਸੁਗੰਧ ਹੋਵੇ, ਤਿਵੇਂ ਹੀ ਇਨਸਾਨ ਤਦ ਤੀਕ ਹੀ ਕਿਸੇ ਕੰਮ ਦਾ ਹੁੰਦਾ ਹੈ ਜਦ ਤੀਕ ਇਸ ਦੇ ਅੰਦਰ ਸਾਹ ਹੁੰਦਾ ਹੈ । ਜਦ ਸਾਹ ਨਿਕਲ ਜਾਂਦਾ ਹੈ, ਸਰੀਰ ਢੇਰੀ ਹੋ ਜਾਂਦਾ ਹੈ, ਮਗਰੋਂ ਦਵਾਈ ਕਿਸੇ ਕੰਮ ਨਹੀਂ ਆਉਂਦੀ ਤੇ ਨਾ ਕੋਈ ਖਾਂਦਾ, ਵਰਤਦਾ ਹੀ ਹੈ । ਜਿਸ ਬੰਦੇ ਦੇ ਅੰਦਰ ਉਸ ਪਰਮਾਤਮਾ ਦੇ ਨਾਮ ਦੀ ਥੋੜ੍ਹੀ ਜਿੰਨੀ ਵੀ ਅੰਸ ਹੋਵੇ, ਉਸ ਦਾ ਸਰੀਰ ਕੰਚਨ ਵਰਗਾ ਨਵਾਂ ਨਰੋਆ ਰਹਿੰਦਾ ਹੈ । ਸੱਚੇ ਨਾਮ ਵਿੱਚ ਲੱਗੇ ਰਹਿਣ ਨਾਲ ਇਨਸਾਨ ਦੇ ਤਨ ਮਨ ਦੇ ਸਭ ਦੁੱਖ ਤੇ ਰੋਗ ਦੂਰ ਹੋ ਜਾਂਦੇ ਹਨ । ਵੈਦ ਜੀ ! ਇਹ ਜੇ ਮੇਰਾ ਰੋਗ ਤੇ ਇਹ ਜੇ ਮੇਰਾ ਦਾਰੂ । ਇਸ ਦਾਰੂ ਨੂੰ ਤੁਸੀਂ ਵਰਤ ਕੇ ਵੇਖੋ, ਤੁਹਾਡੇ ਵੀ ਦੁੱਖ ਰੋਗ ਦੂਰ ਹੋ ਜਾਣਗੇ[੧]।

*੧ ਜਿਹੜਾ ਸ਼ਬਦ ਗੁਰੂ ਜੀ ਨੇ ਇਸ ਸਮੇਂ ਉਚਾਰਿਆ ਤੇ ਜਿਸ ਦੇ ਖੁਲ੍ਹੇ ਅਰਥ ਉਪਰ ਦਿਤੇ ਹਨ, ਉਹ ਇਹ ਹੈ:*
*ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲੱਗੈ ਨ ਬੀਰ ॥੧॥ਰਹਾਉ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ॥ ਤਾ ਕੈ ਪਾਛੈ ਕੋਇ ਨ ਖਾਇ ॥੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥ (ਮਲਾਰ ਮ: ੧, ਪੰਨਾ ੧੨੫੬)*



ਵੈਦ ਦੀਆਂ ਅੱਖਾਂ ਖੁਲ੍ਹ ਗਈਆਂ । ਉਸ ਨੂੰ ਆਪਣਾ ਆਪ ਤੇ ਸਾਰਾ ਸੰਸਾਰ ਰੋਗਾਂ ਵਿੱਚ ਗਰੱਸਿਆ ਦਿੱਸ ਪਿਆ ਤੇ ਗੁਰੂ ਜੀ ਨਵੇਂ ਨਰੋਏ ਅਤੇ ਰੋਗੀਆਂ ਦੇ ਸੱਚੇ ਵੈਦ ਦਿੱਸਣ ਲੱਗ ਪਏ । ਉਹ ਸਿਰ ਨਿਵਾ ਕੇ ਵਿਦਾ ਹੋਇਆ ਤੇ ਜਾਂਦੀ ਵੇਰ ਕਹਿ ਗਿਆ, 'ਚਿੰਤਾ ਨਾ ਕਰੋ ! ਇਹ ਰੋਗੀ ਨਹੀਂ ਇਹ ਤਾਂ ਸੰਸਾਰ ਦੇ ਰੋਗ ਦੂਰ ਕਰਨ ਵਾਲਾ ਹੈ, ਇਹ ਤਾਂ ਰੋਗੀਆਂ ਦਾ ਵੈਦ ਹੈ ।'

(੨)

ਦੋ ਚਾਰ ਮਹੀਨੇ ਗੁਰੂ ਜੀ ਇਸੇ ਤਰ੍ਹਾਂ ਉਦਾਸ ਜਿਹੇ, ਢਿੱਲੇ ਮੱਠੇ ਜਿਹੇ ਰਹੇ । ਖਾਂਦੇ-ਪੀਂਦੇ ਵੀ ਘੱਟ ਸਨ, ਬੋਲਦੇ-ਚਾਲਦੇ ਤੇ ਫਿਰਦੇ-ਤੁਰਦੇ ਵੀ ਥੋੜ੍ਹਾ ਸਨ । ਰੋਗੀ ਵੀ ਜਾਪਦੇ ਸਨ, ਪਰ ਵੈਦ ਕਹਿ ਗਿਆ ਸੀ ਕਿ ਅਰੋਗ ਹਨ । ਮਾਪਿਆਂ ਨੂੰ ਚੋਖੀ ਚਿੰਤਾ ਰਿਹਾ ਕਰੇ, ਪਰ ਉਹ ਕਰ ਕੁਝ ਨਹੀਂ ਸਨ ਸਕਦੇ ।

ਕੁਝ ਸਮਾਂ ਪਾ ਕੇ ਗੁਰੂ ਜੀ ਦੀ ਹਾਲਤ ਨੇ ਪਲਟਾ ਖਾਧਾ । ਉਹ ਹੁਣ ਆਮ ਵਾਕੁਰ ਖਾਣ-ਪੀਣ, ਤੁਰਨ-ਫਿਰਨ ਤੇ ਹੱਸਣ-ਖੇਡਣ ਲੱਗ ਪਏ ਪਰ ਨਾਲ ਹੀ ਕਰਤਾਰ ਦਾ ਸਿਮਰਨ ਵੀ ਕਰਦੇ ਰਿਹਾ ਕਰਨ । ਮਹਿਤਾ ਕਾਲੂ ਜੀ ਚਾਹੁੰਦੇ ਸਨ ਕਿ ਉਹ ਕੋਈ ਕਾਰ-ਵਿਹਾਰ ਕਰਨ ਲੱਗ ਪੈਣ ਅਤੇ ਕਮਾਊ ਬਣ ਜਾਣ ।

ਪੁੱਤ ਨੂੰ ਚੰਗੀ ਹਾਲਤ ਵਿੱਚ ਦੇਖ ਕੇ ਮਹਿਤਾ ਜੀ ਨੇ ਕਿਹਾ–ਪੁੱਤ ਨਾਨਕਾ ! ਕੁਝ ਕਮਾਈ ਕਰਨ ਦਾ ਵੱਲ ਸਿੱਖੋ । ਮੇਰਾ ਵਿਚਾਰ ਹੈ ਕਿ ਕੁਝ ਰਕਮ ਲੈ ਜਾਵੋ ਅਤੇ ਇਸ ਨਾਲ ਖਰਾ ਨਫੇਵੰਦ ਸੌਦਾ ਕਰ ਕੇ ਖੱਟੀ ਪ੍ਰਾਪਤ ਕਰੋ, ਅਜਿਹੇ ਸੌਦੇ ਨਾਲ ਤੁਹਾਡੀ ਰਾਸ ਵਧੇਗੀ । ਫੇਰ ਤੁਸੀਂ ਹੋਰ ਵਡੇਰੇ ਸੌਦੇ ਕਰਨ ਜੋਗੇ ਹੋ ਜਾਓਗੇ । ਤੁਹਾਨੂੰ ਫੇਰ ਮੈਂ ਵਡੇਰੀ ਰਕਮ ਦੇ ਕੇ ਇਸ ਕਿੱਤੇ ਵਿੱਚ ਲਾ ਦਿਆਂਗਾ ।

ਇਹ ਕਹਿ ਕੇ ਮਹਿਤਾ ਜੀ ਨੇ ਵੀਹ ਰੁਪਏ ਗਿਣ ਕੇ ਗੁਰੂ ਜੀ ਨੂੰ ਦਿੱਤੇ । ਗੁਰੂ ਜੀ ਨੇ ਰਕਮ ਲੈ ਲਈ । ਪਿਤਾ ਜੀ ਦੇ ਹੁਕਮ ਮੂਜਬ ਪਿੰਡ ਦੇ ਇਕ ਆਪਣੇ ਨਾਲੋਂ ਵਡੇਰੀ ਉਮਰ ਦੇ ਬੰਦੇ, ਭਾਈ ਬਾਲੇ ਨੂੰ ਨਾਲ ਲੈ ਕੇ ਖਰਾ ਸੌਦਾ ਕਰਨ ਲਈ ਚੂਹੜਕਾਣੇ ਵੱਲ ਨੂੰ ਤੁਰ ਪਏ । ਦਸ ਬਾਰਾਂ ਕੋਹ ਗਏ ਤਾਂ ਚੂਹੜਕਾਣੇ ਦੇ ਨੇੜੇ ਉਨ੍ਹਾਂ ਨੂੰ ਰੁੱਖਾਂ ਦੀ ਇਕ ਝੁੰਗੀ ਦਿੱਸੀ ।[1] ਗੁਰੂ ਜੀ ਰਾਹ ਪਹਿਆ ਛੱਡ ਕੇ ਓਧਰ ਨੂੰ ਹੋ ਤੁਰੇ ਅਤੇ ਝੁੰਗੀ ਪਾਸ ਜਾ ਪਹੁੰਚੇ। ਉਥੇ ਸਾਧੂਆਂ ਦੀ ਇਕ ਟੋਲੀ ਭਜਨ-ਬੰਦਗੀ ਵਿੱਚ ਲੱਗੀ ਬੈਠੀ ਸੀ ।

ਗੁਰੂ ਜੀ ਸਾਧਾਂ-ਸੰਤਾਂ ਦੀ ਸੰਗਤ ਦੇ ਮੁੱਢ ਤੋਂ ਬੜੇ ਪ੍ਰੇਮੀ ਸਨ । ਉਹ ਝਟਪਟ ਸਾਧੂਆਂ ਦੇ ਮੁਖੀ ਦੇ ਪਾਸ ਗਏ ਅਤੇ ਨਮਸਕਾਰ ਕਰ ਕੇ ਪਾਸ ਬਹਿ ਗਏ ਕੁਝ ਚਿਰ ਧਰਮ ਤੇ ਪ੍ਰਮਾਰਥ ਦੀਆਂ ਗੱਲਾਂ ਹੁੰਦੀਆਂ ਰਹੀਆਂ । ਗੁਰੂ ਜੀ ਨੇ ਗੱਲੀਂ-ਗੱਲੀਂ ਇਹ ਪਤਾ ਕੱਢ ਲਿਆ ਕਿ ਸਾਧੂਆਂ ਨੇ ਚਹੁੰ-ਪੰਜਾਂ ਦਿਨਾਂ ਤੋਂ ਕੁਝ ਨਹੀਂ ਖਾਧਾ । ਉਨ੍ਹਾਂ ਨੇ ਸੋਚਿਆ ਕਿ ਇਨ੍ਹਾਂ ਰੱਬ ਦੇ ਪਿਆਰਿਆਂ ਦੀ ਭੁੱਖ ਦੂਰ ਕਰਨ ਨਾਲੋਂ ਹੋਰ ਕਿਹੜਾ ਸੌਦਾ ਵਧੇਰੇ ਖਰਾ ਤੇ ਨਫੇ ਵੰਦ ਹੋ ਸਕਦਾ ਹੈ ?

ਇਹ ਸੋਚ ਕੇ ਉਨ੍ਹਾਂ ਨੇ ਖੀਸੇ ਵਿਚੋਂ ਵੀਹਾਂ ਦੇ ਵੀਹ ਰੁਪਏ ਕੱਢ ਕੇ ਉਸ ਸਾਧੂ ਦੇ ਅੱਗੇ ਧਰੇ । ਅੱਗੋਂ ਸਾਧੂ ਨੇ ਕਿਹਾ, ਇਹ ਰਕਮ ਤੁਹਾਨੂੰ ਤੁਹਾਡੇ ਮਾਪਿਆਂ ਨੇ ਜਿਸ ਕੰਮ ਲਈ ਦਿੱਤੀ ਹੈ ਤੁਸੀਂ ਉਸੇ ਅਰਥ ਲਈ ਲਾਓ, ਨਹੀਂ ਤਾਂ ਉਹ ਗੁੱਸੇ ਹੋਣਗੇ ਤੇ ਤੁਹਾਨੂੰ ਤਕਲੀਫ਼ ਹੋਵੇਗੀ ।

ਗੁਰੂ ਜੀ–'ਮੇਰੇ ਨਾਲ ਜੋ ਵਾਪਰੇਗੀ, ਮੈਂ ਝੱਲ ਲਵਾਂਗਾ

੧ ਇਸ ਝੁੰਗੀ ਵਾਲੀ ਥਾਂ ਮਗਰੋਂ ਗੁਰਦੁਆਰਾ 'ਸੱਚਾ ਸੌਦਾ' ਬਣਿਆ।



ਤੁਸੀਂ ਚਿੰਤਾ ਨਾ ਕਰੋ । ਮੇਰਾ ਮਨ ਮੈਨੂੰ ਦੱਸਦਾ ਹੈ ਕਿ ਇਹ ਮਾਇਆ ਏਸੇ ਅਰਥ ਲੱਗਣੀ ਠੀਕ ਹੈ । ਤਨ ਦੀ ਤਕਲੀਫ ਤੋਂ ਡਰ ਕੇ ਹਿਰਦੇ ਦਾ ਆਪਣੇ ਨੇਕ ਇਰਾਦੇ ਤੋਂ ਭੌਣਾ ਮੈਨੂੰ ਚੰਗਾ ਨਹੀਂ ਲੱਗਦਾ ।

ਮੁਖੀ ਸਾਧੂ– 'ਪਰ ਚਾਂਦੀ ਸਾਡੇ ਕਿਸੇ ਕੰਮ ਨਹੀਂ । ਅਸੀਂ ਇਸ ਨੂੰ ਹੱਥ ਨਹੀਂ ਲਾਇਆ ਕਰਦੇ । ਜੇ ਤੁਹਾਡੀ ਇੱਛਿਆ ਹੈ ਤਾਂ ਭੋਜਨ ਰਸਦ ਲਿਆ ਦਿਓ !

ਇਹ ਸੁਣ ਕੇ ਗੁਰੂ ਜੀ ਭਾਈ ਬਾਲੇ ਸਮੇਤ ਚੂਹੜਕਾਣੇ ਗਏ । ਓਥੋਂ ਉਨ੍ਹਾਂ ਨੇ ਵੀਹਾਂ ਰੁਪਈਆਂ ਦੀ ਰਸਦ ਖਰੀਦੀ ਅਤੇ ਲਿਆ ਕੇ ਸਾਧੂਆਂ ਦੇ ਹਵਾਲੇ ਕਰ ਦਿੱਤੀ । ਉਨ੍ਹਾਂ ਨੇ ਭੋਜਨ ਤਿਆਰ ਕੀਤਾ ਤੇ ਪੰਜਾਂ ਦਿਨਾਂ ਦਾ ਵਰਤ ਤੋੜਿਆ ।

ਇਹ ਖਰਾ ਸੌਦਾ ਕਰ ਕੇ ਗੁਰੂ ਜੀ ਘਰ ਮੁੜੇ । ਉਹ ਖੁਸ਼ ਸਨ ਕਿ ਕਈ ਦਿਨਾਂ ਦੇ ਭੁੱਖੇ ਰੱਬ ਦੇ ਬੰਦਿਆਂ ਦੀ ਭੁੱਖ ਦੂਰ ਕਰ ਕੇ ਅਸੀਂ ਬੜਾ ਉਤਮ ਤੇ ਖਰਾ ਸੌਦਾ ਕੀਤਾ ਹੈ । ਜਦ ਤਲਵੰਡੀ ਦੇ ਨੇੜੇ ਪੁੱਜੇ ਤਾਂ ਉਨ੍ਹਾਂ ਨੂੰ ਇਸ ਸੌਦੇ ਦਾ ਉਹ ਪੱਖ ਸੁੱਝਾ ਜਿਸ ਤੋਂ ਉਨ੍ਹਾਂ ਦੇ ਪਿਤਾ ਨੇ ਇਸ ਨੂੰ ਵੇਖਣਾ ਸੀ। ਉਨ੍ਹਾਂ ਨੂੰ ਸੁੱਝ ਗਈ ਕਿ ਪਿਤਾ ਨੂੰ ਬਹੁਤ ਕ੍ਰੋਧ ਚੜ੍ਹੇਗਾ ਤੇ ਦੁੱਖ ਹੋਵੇਗਾ । ਉਨ੍ਹਾਂ ਨੇ ਸੋਚਿਆ, 'ਚੰਗੀ ਗੱਲ ਇਹ ਹੋਵੇਗੀ ਕਿ ਉਨ੍ਹਾਂ ਦੇ ਗੁੱਸੇ ਦਾ ਪਹਿਲਾ ਹੱਲਾ ਤੇ ਹੜ੍ਹ ਜ਼ਰਾ ਮੱਠਾ ਪੈ ਜਾਵੇ, ਤਾਂ ਹੀ ਮੈਂ ਘਰ ਜਾਵਾਂ ।'

ਇਹ ਸੋਚ ਕੇ ਉਨ੍ਹਾਂ ਨੇ ਭਾਈ ਬਾਲੇ ਨੂੰ ਘਰ ਭੇਜ ਦਿੱਤਾ ਤੇ ਆਪ ਇਕ ਪੁਰਾਣੇ ਛਾਇਆਦਾਰ ਵਣ ਦੀਆਂ ਭੌਂ ਨੂੰ ਲੱਗੀਆਂ ਟਾਹਣੀਆਂ ਹੇਠ ਬਹਿ ਗਏ ।[1] ਬਾਲੇ ਪਾਸੋਂ ਗੁਰੂ ਜੀ

੧ ਜਿਸ ਵਣ ਹੇਠ ਗੁਰੂ ਜੀ ਬੈਠੇ ਸਨ, ਓਥੇ ਮਗਰੋਂ ਗੁਰਦੁਆਰਾ ਤੰਬੂ ਸਾਹਿਬ ਬਣਿਆ ।

ਦੇ ਕੀਤੇ ਸੌਦੇ ਦੀ ਗੱਲ ਸੁਣ ਕੇ ਮਹਿਤਾ ਜੀ ਨੂੰ ਬੜਾ ਕ੍ਰੋਧ ਚੜ੍ਹਿਆ । ਕ੍ਰੋਧ ਨਾਲ ਰਿੱਝਦੇ ਭੁੱਜਦੇ ਉਹ ਉਸ ਵਣ ਪਾਸ ਜਾ ਪੁੱਜੇ ਜਿਸ ਦੀਆਂ ਟਾਹਣੀਆਂ ਓਹਲੇ ਗੁਰੂ ਜੀ ਬੈਠੇ ਸਨ । ਉਨ੍ਹਾਂ ਨੇ ਗੁਰੂ ਜੀ ਨੂੰ ਬਾਹੋਂ ਫੜ ਕੇ ਵਣ ਹੇਠੋਂ ਧੂਹਿਆ ਅਤੇ ਲੱਗੇ ਚਪੇੜਾਂ ਮਾਰਨ ਸੱਜੇ ਹੱਥ ਦੀ ਖੱਬੀ ਗਲ੍ਹ ਉਪਰ ਅਤੇ ਖੱਬੇ ਹੱਥ ਦੀ ਸੱਜੀ ਗਲ੍ਹ ਉਪਰ ।

ਗੁਰੂ ਜੀ ਇਹ ਮਾਰ ਚੁੱਪ ਕੀਤੇ ਝੱਲੀ ਗਏ । ਦਿਲ ਵਿੱਚ ਰੱਤੀ ਭਰ ਕ੍ਰੋਧ ਜਾਂ ਗਿਲਾ ਨਾ ਉਠਿਆ, ਮਾਰ ਤੋਂ ਪਰ੍ਹੇ ਹਟਣ ਜਾਂ ਹੱਥਾਂ ਨਾਲ ਗਲਾਂ ਕੱਜਣ ਦਾ ਉਨ੍ਹਾਂ ਨੇ ਕੋਈ ਜਤਨ ਨਾ ਕੀਤਾ ।

ਪਤਾ ਨਹੀਂ ਇਹ ਕੁੱਟ ਮਾਰ ਕਿੰਨਾਂ ਕੁ ਚਿਰ ਜਾਰੀ ਰਹਿੰਦੀ ਪਰ ਛੇਤੀ ਹੀ ਬੇਬੇ ਨਾਨਕੀ ਜੀ ਆ ਪੁੱਜੀ । ਉਹ ਮਹਿਤਾ ਜੀ ਦੇ ਮਗਰ ਹੀ ਮਗਰ ਵਗ ਤੁਰੀ ਸੀ । ਉਹ ਆਪਣੇ ਪਿਤਾ ਤੇ ਭਰਾ ਦੇ ਵਿਚਕਾਰ ਆ ਖੜੋਤੀ ਅਤੇ ਕਹਿਣ ਲੱਗੀ, 'ਨਾ ਮਾਰੋ ਪਿਤਾ ਜੀ ! ਰੱਬ ਦੇ ਨੂਰ ਮੇਰੀ ਅੰਮੜੀ ਦੇ ਜਾਏ ਵੀਰ ਨੂੰ ।'

ਇਸ ਤਰ੍ਹਾਂ ਬੇਬੇ ਨਾਨਕੀ ਨੇ ਆਪਣੇ ਵੀਰ ਨੂੰ ਪਿਤਾ ਦੇ ਕ੍ਰੋਧ ਤੋਂ ਛੁਡਾਇਆ । ਜਦ ਦੋਵੇਂ ਭੈਣ ਭਰਾ ਗੱਲੀਂ ਲੱਗੇ, ਤਾਂ ਗੁਰੂ ਜੀ ਨੇ ਕਿਹਾ–'ਭੈਣ ਜੀ, ਰੱਬ ਦੇ ਰਾਹ ਤੁਰਨ ਵਾਲਿਆਂ ਨੂੰ ਰੱਬ ਲੇਖੇ ਹੋਰਨਾਂ ਦਾ ਭਲਾ ਕਰਨ ਵਾਲਿਆਂ ਨੂੰ, ਦੁੱਖ ਝੱਲਣੇ ਹੀ ਪੈਂਦੇ ਹਨ। ਰੱਬ ਹਿੰਮਤ ਬਖਸ਼ੇ ।'

ਜਦ ਰਾਏ ਬੁਲਾਰ ਨੂੰ ਇਸ ਘਟਨਾ ਦਾ ਪਤਾ ਲੱਗਾ, ਤਾਂ ਉਹ ਬੜਾ ਦੁਖੀ ਹੋਇਆ । ਉਸ ਨੇ ਮਹਿਤਾ ਕਾਲੂ ਜੀ ਨੂੰ ਸੱਦ ਕੇ ਸਮਝਾਇਆ ਕਿ ਅਜਿਹੇ ਮਹਾਂਪੁਰਸ਼ਾਂ ਨਾਲ ਅਜਿਹਾ ਕਰੋਪੀ-ਭਰਿਆ ਸਲੂਕ ਕਰਨਾ ਠੀਕ ਨਹੀਂ । ਅੱਗੋਂ ਮਹਿਤਾ ਜੀ ਆਪਣੇ ਥਾਂ ਗਿਲ੍ਹੇ ਕਰਨ ਲੱਗ ਪਏ–'ਮੇਰਾ ਪੁੱਤ ਖੱਟਣ ਕਮਾਉਣ ਦੀ ਥਾਂ ਵਿਹਲਾ ਬਹਿ ਰਹਿੰਦਾ ਹੈ ਤੇ ਘਰ ਲੁਟਾਈ ਜਾਂਦਾ ਹੈ । ਮੈਂ ਕੀ



ਕਰਾਂ ? ਇਸ ਨੂੰ ਸੋਧਾਂ ਕਿ ਨਾ ਸੋਧਾਂ ? ਤੇ ਕਿਵੇਂ ਸੋਧਾਂ ?'

ਰਾਏ ਬੁਲਾਰ–'ਇਹ ਜੋ ਤੇਰਾ ਨੁਕਸਾਨ ਇਸ ਨੇ ਕੀਤਾ ਹੈ ਉਹ ਮੈਂ ਭਰ ਦੇਂਦਾ ਹਾਂ । ਹੋਰ ਵੀ ਜੋ ਨੁਕਸਾਨ ਕਰੇ, ਉਹ ਮੈਥੋਂ ਲੈ ਲਿਆ ਕਰਨਾ ਇਹ ਸਧਾਰਨ ਬੰਦਾ ਨਹੀਂ, ਇਹ ਤਾਂ ਕੋਈ ਵਲੀ ਹੈ, ਰੱਬ ਦਾ ਭੇਜਿਆ ਹੋਇਆ ਖਾਸ ਉਚਾ ਬੰਦਾ । ਮੈਂ ਇਕ ਦਿਨ ਇਸ ਨੂੰ ਬੇਲੇ ਵਿੱਚ ਰੁੱਖ ਹੇਠ ਸੁੱਤਾ ਪਿਆ ਤੱਕਿਆ ਸੀ । ਇਸ ਦੇ ਚਿਹਰੇ ਉਪਰ ਧੁੱਪ ਆ ਗਈ ਸੀ । ਇਕ ਵੱਡੇ ਸਾਰੇ ਫਨੀਅਰ ਸੱਪ ਨੇ ਫੰਨ੍ਹ ਖਿਲਾਰ ਕੇ ਛਾਂ ਕਰ ਦਿੱਤੀ ਸੀ । ਮੇਰੇ ਕੋਲ ਜਾਣ ਤੇ ਸੱਪ ਪਤਾ ਨਹੀਂ ਝੱਟ ਕਿਥੇ ਛਪਨ ਹੋ ਗਿਆ । ਮੈਂ ਹੋਰ ਵੀ ਕੌਤਕ ਵੇਖੇ ਹਨ ਇਸ ਬਾਲਕ ਦੇ । ਮੈਨੂੰ ਨਿਸਚਾ ਹੋ ਗਿਆ ਹੈ ਕਿ ਇਹ ਤਾਂ ਰੱਬ ਦਾ ਖਾਸ ਪਿਆਰਾ ਹੈ, ਵਲੀ ਹੈ, ਮਹਾਂਪੁਰਸ਼ ਹੈ ।'

ਮਹਿਤਾ ਜੀ–'ਰਾਏ ਜੀ ! ਇਹ ਸਭ ਕੁਝ ਸੱਚ ਹੋਵੇਗਾ, ਪਰ ਇਹ ਖੱਟੀ ਕਮਾਈ ਵਾਲੇ ਪਾਸੇ ਵੀ ਲੱਗੇ ਨਾ । ਤੁਸੀਂ ਹੀ ਕੋਈ ਚਾਰਾ ਉਪਾਅ ਕਰੋ ਖਾਂ ।'

ਰਾਏ ਬੁਲਾਰ–'ਚੰਗਾ ਮੈਂ ਕੋਈ ਵਿਓਂਤ ਸੋਚਾਂਗਾ ।'

***

ਕਾਂਡ ੮

## ਵਿਹਾਰਕ ਤੇ ਗ੍ਰਿਹਸਤੀ ਜੀਵਨ

ਮੋਦੀਖਾਨੇ ਦੇ ਮੋਦੀ–'ਰਾਇ ਬੁਲਾਰ ਜੀ ਨੇ ਮਹਿਤਾ ਜੀ ਨਾਲ ਕੀਤਾ ਹੋਇਆ ਆਪਣਾ ਇਕਰਾਰ ਚੇਤੇ ਰੱਖਿਆ, ਕੁਝ ਚਿਰ ਮਗਰੋਂ ਬੇਬੇ ਨਾਨਕੀ ਦਾ ਪਤੀ, ਜੈਰਾਮ ਮਿਲਣ-ਗਿਲਣ ਦੀ ਖਾਤਰ ਤਲਵੰਡੀ ਆਇਆ। ਰਾਇ ਬੁਲਾਰ ਨੇ ਸਾਰੀ ਗੱਲ-ਬਾਤ ਉਸ ਨੂੰ ਦੱਸੀ ਤੇ ਕਿਹਾ–'ਮੈਂ ਚਾਹੁੰਦਾ ਹਾਂ ਕਿ ਸ੍ਰੀ ਨਾਨਕ ਕਿਸੇ ਹੋਰ ਥੇ ਜਾ ਕੇ ਰਹੇ। ਜੇ ਕਿਸੇ ਕਾਰ-ਵਿਹਾਰ ਵਿੱਚ ਲੱਗ ਜਾਵੇ, ਤਾਂ ਹੋਰ ਵੀ ਚੰਗਾ। ਤੁਸੀਂ ਜਤਨ ਕਰੋ, ਸ਼ਾਇਦ ਸੁਲਤਾਨਪੁਰ ਦੇ ਨਵਾਬ ਹੋਰਾਂ ਪਾਸ ਕੋਈ ਅਜਿਹਾ ਕੰਮ ਮਿਲ ਜਾਵੇ, ਜਿਸ ਨੂੰ ਕਰਨਾ ਇਹ ਮੰਨ ਜਾਵੇ।'

ਵਿਚਾਰ ਮਗਰੋਂ ਫੈਸਲਾ ਹੋ ਗਿਆ। ਗੁਰੂ ਨਾਨਕ ਦੇਵ ਜੀ ਨੂੰ ਦੀਵਾਨ ਜੈਰਾਮ ਦੇ ਨਾਲ ਸੁਲਤਾਨਪੁਰ ਭੇਜ ਦਿੱਤਾ ਗਿਆ। ਇਹ ਗੱਲ ਸੰਮਤ ੧੫੪੧ ਦੀ ਹੈ। ਗੁਰੂ ਜੀ ਦੀ ਉਮਰ ਉਸ ਵੇਲੇ ਪੰਦਰਾਂ ਕੁ ਸਾਲਾਂ ਦੀ ਸੀ। ਉਥੇ ਉਨ੍ਹਾਂ ਨੂੰ ਜਲੰਧਰ-ਦੁਆਬਾ ਦੇ ਵੱਡੇ ਹਾਕਮ ਨਵਾਬ ਦੌਲਤ ਖਾਂ ਲੋਦੀ ਦੇ ਮੋਦੀਖਾਨੇ ਦੇ ਪ੍ਰਬੰਧਕ ਜਾਂ ਮੋਦੀਖਾਨੇ ਦੇ ਮੋਦੀ ਦੀ ਅਸਾਮੀ ਤੇ ਲਾਇਆ ਗਿਆ।

ਉਨ੍ਹੀਂ ਦਿਨੀਂ ਲੋਕਾਂ ਪਾਸੋਂ ਸਰਕਾਰੀ ਮਾਮਲਾ ਨਕਦੀ ਦੀ ਥਾਂ ਜਿਨਸਾਂ–ਕਣਕ, ਛੋਲੇ, ਮਕਈ, ਜੌਂ ਆਦਿ– ਦੀ ਸ਼ਕਲ ਵਿੱਚ ਉਗ੍ਰਾਹਿਆ ਜਾਂਦਾ ਸੀ। ਇਹ ਸਭ ਜਿਨਸਾਂ ਇਕ ਗੁਦਾਮ-ਘਰ ਵਿੱਚ ਰੱਖੀਆਂ ਜਾਂਦੀਆਂ ਸਨ, ਉਸ ਨੂੰ ਮੋਦੀਖਾਨਾ ਕਹਿੰਦੇ ਸਨ ਤੇ ਉਸ ਦਾ ਪ੍ਰਬੰਧਕ ਮੋਦੀ ਅਖਵਾਉਂਦਾ ਸੀ। ਓਥੋਂ ਇਹ ਜਿਨਸਾਂ ਸਰਕਾਰੀ ਕਰਮਚਾਰੀਆਂ ਤੇ ਫੌਜੀਆਂ ਆਦਿ ਨੂੰ ਰਸਦ ਵਜੋਂ ਮਿਲਦੀਆਂ ਸਨ ਅਤੇ ਆਮ ਲੋਕਾਂ ਪਾਸ ਵੇਚੀਆਂ ਜਾਂਦੀਆਂ ਸਨ। ਮੋਦੀ ਹਰੇਕ ਆਈ ਗਈ ਜਿਨਸ ਨੂੰ ਤੋਲ ਕੇ ਲੈਂਦਾ ਦੇਂਦਾ ਸੀ,



ਉਸ ਦਾ ਅਤੇ ਵੱਟੀ ਗਈ ਰਕਮ ਦਾ ਲੇਖਾ ਹਿਸਾਬ ਰੱਖਦਾ ਸੀ। ਇਸ ਕੰਮ ਬਦਲੇ ਉਸ ਨੂੰ ਕੁਝ ਨਗਦ ਤਨਖਾਹ ਅਤੇ ਰਸਦ ਮਿਲਦੀ ਸੀ।

ਗੁਰੂ ਜੀ ਨੇ ਇਹ ਕੰਮ ਬੜੇ ਉਤਸ਼ਾਹ ਨਾਲ ਸ਼ੁਰੂ ਕੀਤਾ ਤੇ ਬੜੀ ਯੋਗਤਾ ਨਾਲ ਨਿਭਾਇਆ। ਏਥੇ ਉਨ੍ਹਾਂ ਨੇ ਜਗਿਆਸੂਆਂ ਨੂੰ ਇਕ ਬੋਲ, ਪੂਰਾ ਤੋਲ ਤੇ ਸੁੱਚਾ ਵਿਹਾਰ ਕਰਨ ਦੀ ਅਤੇ ਹਰੇਕ ਆਏ ਗਏ ਨਾਲ ਪ੍ਰੇਮ-ਭਰਿਆ ਵਰਤਾਓ ਕਰਨ ਦੀ ਜਾਚ ਸਿਖਾਈ। ਨਿੱਕੇ ਵੱਡੇ ਸਭ ਸਰਕਾਰੀ ਕਰਮਚਾਰੀਆਂ ਨੂੰ ਇਹ ਇੱਕੋ ਅੱਖ ਵੇਖਦੇ ਅਤੇ ਉਨ੍ਹਾਂ ਦੀ ਬੱਝੀ ਮਿੱਥੀ ਰਕਮ ਪੂਰੀ-ਪੂਰੀ ਤੋਲ ਕੇ ਦੇਂਦੇ। ਗਰੀਬਾਂ, ਗੁਰਬਿਆਂ ਨੂੰ ਖੁਲ੍ਹੇ ਗੱਫੇ ਵਰਤਾ ਦਿਆ ਕਰਨ, ਪਰ ਆਪਣੇ ਹੱਕਾਂ ਦੇ ਅੰਦਰ-ਅੰਦਰ। ਜਦ ਕੋਈ ਬਹੁਤਾ ਹੀ ਲੋੜਵੰਦ ਜਾਂ ਸੰਤ ਸਾਧੂ ਖਰੀਦਦਾਰ ਆ ਜਾਂਦਾ ਤਾਂ ਆਪ ਦਾ ਹਿਰਦਾ ਤਰਸ ਯੋਗ ਪ੍ਰੇਮ ਨਾਲ ਭਰਪੂਰ ਹੋ ਜਾਂਦਾ ਅਤੇ ਆਪ ਕਈ ਧਾਰਨਾਂ ਵਧ ਤੋਲ ਦਿੰਦੇ। ਇਸ ਕਾਰਨ ਉਨ੍ਹਾਂ ਦੀ ਬੜੀ ਸੋਭਾ ਹੋਣ ਲੱਗ ਪਈ।

ਜਿਥੇ ਆਪ ਆਪਣੀ ਇਸ ਨੌਕਰੀ ਦੇ ਫ਼ਰਜ਼ ਇਸ ਤਰ੍ਹਾਂ ਪੂਰਨ ਯੋਗਤਾ, ਸਫਲਤਾ ਅਤੇ ਸੋਭਾ ਸਹਿਤ ਨਿਬਾਹੁੰਦੇ ਸਨ, ਓਥੇ ਆਪ ਸਿਰਜਣਹਾਰ ਨੂੰ ਭੀ ਨਿੱਤ ਧਿਆਉਂਦੇ ਰਹਿੰਦੇ ਸਨ, ਆਪ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਵੇਈਂ ਨਦੀ ਵਿੱਚ ਇਸ਼ਨਾਨ ਕਰਦੇ ਸਨ ਅਤੇ ਮਗਰੋਂ ਕੰਢੇ 'ਤੇ ਬਹਿ ਕੇ ਭਜਨ-ਸਿਮਰਨ ਕਰਦੇ ਸਨ।[੧] ਦਿਨੇ ਆਪ ਦਾ ਹੱਥ ਕਾਰ ਵੱਲ ਤੇ ਚਿਤ ਕਰਤਾਰ ਵੱਲ ਲੱਗਾ ਰਹਿੰਦਾ ਸੀ।

ਪੁਰਾਤਨ ਜਨਮ ਸਾਖੀ ਵਿੱਚ ਲਿਖਿਆ ਹੈ ਕਿ ਇਕ ਦਿਨ

*੧ ਵੇਈਂ ਨਦੀ ਦੇ ਕੰਢੇ ਜਿਸ ਬੇਰੀ ਹੇਠ ਆਪ ਇਸ਼ਨਾਨ ਕਰਨ ਲੱਗੇ ਆਪਣੇ ਕੱਪੜੇ ਰੱਖਦੇ ਤੇ ਮਗਰੋਂ ਸਿਮਰਨ ਕਰਦੇ ਹੁੰਦੇ ਸਨ, ਉਹ ਬੇਰੀ ਹੁਣ ਤੀਕ ਕਾਇਮ ਹੈ। ਉਸ ਥਾਂ ਗੁਰਦੁਆਰਾ 'ਬੇਰ ਸਾਹਿਬ' ਹੈ।*

ਇਕ ਸਾਧੂ ਆਟਾ ਖਰੀਦਣ ਆਇਆ । ਗੁਰੂ ਜੀ ਤੱਕੜੀ ਨਾਲ ਆਟਾ ਤੋਲਣ ਲੱਗ ਪਏ । ਜਦ ਬਾਰਾਂ ਧਾਰਨਾਂ ਤੋਲ ਕੇ ਤੇਰਾਂ 'ਤੇ ਪੁੱਜੇ, ਜਿਸ ਨੂੰ ਉਰਦੂ ਵਿੱਚ'ਤੇਰਾ' ਕਹਿੰਦੇ ਹਨ, ਤਾਂ ਗੁਰੂ ਜੀ ਦੀ ਸੁਰਤ ਧਿਆਨ ਮੰਡਲ ਵਿਚੋਂ ਉਠ ਕੇ ਸਿਮਰਨ ਵਿੱਚ ਜੁੜ ਗਈ । ਆਪ 'ਤੇਰਾ ਤੇਰਾ' (ਅਰਥਾਤ, ਹੇ ਕਰਤਾਰ ! ਇਹ ਸਭ ਕੁਝ ਤੇਰਾ ਹੈ, ਤੇਰਾ ਹੈ) ਕਰਦੇ ਧਾਰਨਾਂ ਤੋਲੀ ਗਏ ।

ਸਾਧੂ ਹੈਰਾਨ ਹੋ ਗਿਆ ਤੇ ਕਹਿਣ ਲੱਗਾ, 'ਨਾਨਕ ਜੀ ! ਤੇਰਾ 'ਤੇ ਹੀ ਅਟਕ ਗਏ ਹੋ ਇਸ ਤਰ੍ਹਾਂ ਦੀਆਂ ਧਾਰਨਾਂ ਤੋਲਦਿਆਂ ਮੋਦੀਖਾਨਾ ਕਦੋਂ ਵੱਸੇਗਾ ? ਅੱਜ ਭੀ ਉਜੜਿਆ, ਭਲਕੇ ਭੀ ।'

ਅੱਗੋਂ ਗੁਰੂ ਜੀ ਨੇ ਉਤਰ ਦਿੱਤਾ–'ਸਾਈਂ ਦੇ ਬੰਦੇ, ਨਿਰੰਕਾਰ ਦੇ ਨਾਂ ਤੇ 'ਤੇਰਾ, ਤੇਰਾ' ਕਰਦਿਆਂ ਬਰਕਤ ਪੈਂਦੀ ਹੈ, ਵੱਸੀਦਾ ਹੈ, ਇਹ ਸੰਸਾਰ ਤਾਂ 'ਮੇਰਾ, ਮੇਰਾ' ਕਹਿ ਕੇ ਉਜੜ ਰਿਹਾ ਹੈ ।'

ਈਰਖਾਵਾਨਾਂ ਨੇ ਕਈ ਵੇਰ ਨਵਾਬ ਪਾਸ ਜਾ ਲੂਤੀਆਂ ਲਾਈਆਂ ਕਿ ਮੋਦੀ ਤਾਂ ਮੋਦੀਖਾਨਾ ਲੁਟਾਈ ਜਾਂਦਾ ਹੈ । ਇਕ ਵੇਰ ਕੁਝ ਵਧੇਰੇ ਕਰੜੀ ਚੁਗਲੀ ਦੇ ਅਸਰ ਹੇਠ ਨਵਾਬ ਦੌਲਤ ਖਾਂ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਕੈਦ ਵਿੱਚ ਸੁੱਟ ਦਿੱਤਾ ।[੧] ਹਰ ਵੇਰ ਹਿਸਾਬ ਹੁੰਦਾ ਰਿਹਾ । ਹਰ ਵੇਰ ਗੁਰੂ ਜੀ ਦੀ ਕੁਝ ਰਕਮ ਤੇ ਰਸਦ ਨਵਾਬ ਵੱਲ ਵਧ ਹੀ ਨਿਕਲਦੀ । ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਜੀ ਸੰਤਾਂ ਫਕੀਰਾਂ ਅਤੇ ਗਰੀਬ-ਗੁਰਬੇ ਨੂੰ ਜੋ ਖੁਲ੍ਹੇ ਗੱਫੇ ਵਰਤਾਇਆ ਕਰਦੇ ਸਨ, ਉਹ ਆਪਣੀ ਬੱਝੀ ਮਿਥੀ ਰਸਦ ਤੇ ਤਲਬ ਦੀ ਹਦ ਦੇ ਅੰਦਰ ਰਹਿ ਕੇ, ਉਹ ਆਪਣੇ ਸਿਰੋਂ ਜਾਂ ਪਲਿਓਂ ਕਰਦੇ ਸਨ । ਹਰ ਵੇਰ ਨਵਾਬ ਨੂੰ ਗੁਰੂ ਜੀ ਦੀ ਵਿਹਾਰਕ ਯੋਗਤਾ ਤੇ ਇਮਾਨਦਾਰੀ ਦਾ ਨਿਸਚਾ ਹੋ ਜਾਂਦਾ ਅਤੇ ਨਿੰਦਕਾਂ,

*੧ ਜਿਸ ਕੋਠੜੀ ਵਿੱਚ ਗੁਰੂ ਜੀ ਨੂੰ ਡੱਕਿਆ ਗਿਆ ਸੀ, ਓਥੇ ਮਗਰੋਂ 'ਕੋਠੜੀ ਸਾਹਿਬ' ਗੁਰਦੁਆਰਾ ਬਨਿਆ ।*



ਚੁਗਲਾਂ ਨੂੰ ਸਿਰ ਨੀਵੇਂ ਕਰਨੇ ਪੈਂਦੇ ।[੧]

ਵਿਆਹ ਤੇ ਸੰਤਾਨ–ਬੇਬੇ ਨਾਨਕੀ ਦੇ ਜਤਨਾਂ ਦੀ ਪ੍ਰੇਰਨਾ ਦਾ ਸਦਕਾ ਸੁਲਤਾਨਪੁਰ ਰਹਿਣ ਸਮੇਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਜੇਠ ਸੰਮਤ ੧੫੪੪ ਵਿੱਚ ਜ਼ਿਲਾ ਗੁਰਦਾਸਪੁਰ ਵਿਚਾਲੇ ਪੱਖੋਕੇ ਰੰਧਾਵੇ ਤੇ ਵਟਾਲੇ ਪਿੰਡ ਦੇ ਵਸਨੀਕ, ਬਾਬਾ ਮੂਲ ਚੰਦ ਜੀ ਦੀ ਸਪੁੱਤਰੀ ਮਾਤਾ ਸੁਲੱਖਣੀ ਜੀ ਨਾਲ ਬਟਾਲੇ ਵਿੱਚ ਹੋਇਆ । ਇਸ ਤਰ੍ਹਾਂ ਗੁਰੂ ਜੀ ਪੂਰੇ ਗ੍ਰਿਹਸਤੀ ਬਣ ਗਏ । ਪਰ ਗ੍ਰਿਹਸਤ ਦੇ ਫ਼ਰਜ਼ਾਂ ਨੂੰ ਨਿਬਾਹੁੰਦੇ ਤੇ ਇਸ ਦੇ ਸੁਖਾਂ ਨੂੰ ਮਾਣਦੇ ਹੋਏ ਵੀ ਉਹ ਸੰਸਾਰ ਦੇ ਸਿਰਜਣਹਾਰ ਸਬੰਧੀ ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਨਿਬਾਹੁੰਦੇ ਰਹੇ ।

ਕੁਝ ਚਿਰ ਮਗਰੋਂ ਤਲਵੰਡੀ ਤੋਂ ਉਨ੍ਹਾਂ ਦੇ ਸਾਕ-ਸੱਜਣ ਮਿਲਣ ਲਈ ਆਏ । ਉਨ੍ਹਾਂ ਦੇ ਨਾਲ ਭਾਈ ਮਰਦਾਨਾ ਮਿਰਾਸੀ ਵੀ ਆਇਆ । ਗੁਰੂ ਜੀ ਨੇ ਉਸ ਨੂੰ ਰਬਾਬ[੨] ਦੇ ਕੇ ਆਪਣਾ ਹਜ਼ੂਰੀ ਰਬਾਬੀ ਬਣਾ ਲਿਆ । ਗੁਰੂ ਜੀ ਦੇ ਉਪਦੇਸ਼ ਸੁਣ ਕੇ ਬਹੁਤ ਸਾਰੇ ਲੋਕੀਂ ਆਪ ਦੇ ਸ਼ਰਧਾਲੂ ਬਣ ਗਏ । ਹਰ ਰੋਜ਼ ਸਤਿਸੰਗ ਜੁੜਿਆ ਤੇ ਕੀਰਤਨ ਹੋਇਆ ਕਰੇ । ਇਹ ਦਿਨ ਬੜੇ ਸੁਖ ਤੇ ਅਨੰਦ ਨਾਲ ਲੰਘਣ ਲੱਗ ਪਏ । ਉਨ੍ਹਾਂ ਦੇ ਮਾਪੇ ਇਹ ਖਬਰਾਂ ਸੁਣ ਕੇ ਬੜੇ ਖੁਸ਼ ਹੋਏ ।

ਗੁਰੂ ਜੀ ਦੇ ਘਰ ਦੋ ਸਾਹਿਬਜ਼ਾਦੇ ਪੈਦਾ ਹੋਏ : ਵੱਡੇ ਬਾਬਾ ਸ੍ਰੀ ਚੰਦ ਜੀ, ਭਾਦੋਂ ਸੁਦੀ ੯ ਸੰਮਤ ੧੫੫੧ ਨੂੰ ਅਤੇ ਛੋਟੇ ਬਾਬਾ ਲਖਮੀ ਦਾਸ ਜੀ ੧੯ ਫੱਗਣ ਸੰਮਤ ੧੫੫੩ ਨੂੰ ।

ਇਸ ਤਰ੍ਹਾਂ ਸਿੱਖ ਧਰਮ ਦੇ ਪੂਰਨੇ ਪਾਉਂਦੇ, ਘਰ ਵਿੱਚ ਹੀ ਉਦਾਸ ਰਹਿ ਕੇ ਗ੍ਰਿਹਸਤ ਵਿੱਚ ਸੰਨਿਆਸ ਕਮਾ ਕੇ ਅਤੇ ਆਸ ਪਾਸ ਦੇ ਸੰਸਾਰੀ ਜੀਵਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦੇਂਦੇ ਗੁਰੂ ਜੀ ਨੇ ਜੀਵਨ ਦੇ ਚੋਖੇ ਸਾਲ ਸੁਲਤਾਨਪੁਰ ਬਿਤਾਏ ।

☬ ☬ ☬

*੧ ਮੋਦੀ ਖਾਨੇ ਵਾਲੀ ਥਾਂ ਮਗਰੋਂ ਗੁਰਦੁਆਰਾ 'ਹੱਟ ਸਾਹਿਬ' ਬਣਿਆ ।*

*੨ ਰਬਾਬ ਜਾਂ ਛੇ ਤਾਰੀ ਸਾਰੰਗੀ ਗੁਰੂ ਜੀ ਦੀ ਆਪਣੀ ਕਾਢ ਸੀ ।*

ਕਾਂਡ ੯

## ਚੜ੍ਹਿਆ ਸੋਧਣਿ ਧਰਤਿ ਲੁਕਾਈ

ਇਕ ਦਿਨ ਸਦਾ ਦੇ ਨਿੱਤ-ਨੇਮ ਮੁਜਬ ਗੁਰੂ ਜੀ ਤੜਕੇ ਅੰਮ੍ਰਿਤ ਵੇਲੇ ਵੇਈਂ ਨਦੀ 'ਤੇ ਇਸ਼ਨਾਨ ਕਰਨ ਗਏ ਪਰ ਅੱਜ ਅੱਗੇ ਨਾਲੋਂ ਜ਼ਰਾ ਹਟਵੀਂ, ਦੁਰੇਡੀ ਥਾਂ 'ਤੇ ਗਏ । ਉਨ੍ਹਾਂ ਨੇ ਨਦੀ ਵਿੱਚ ਚੁੱਭੀ ਮਾਰੀ ਤੇ ਗਾਇਬ ਹੋ ਗਏ[੧]। ਉਹ ਤਿੰਨ ਦਿਨ ਵਾਪਸ ਘਰ ਨਾ ਪੁੱਜੇ । ਘਰ ਵਾਲਿਆਂ ਤੇ ਸੱਜਣਾਂ, ਪ੍ਰੇਮੀਆਂ ਨੂੰ ਬੜਾ ਫਿਕਰ ਹੋਇਆ । ਬਥੇਰੀ ਭਾਲ ਕੀਤੀ ਗਈ, ਪਰ ਉਹ ਕਿਤੇ ਨਾ ਲੱਭੇ । ਲੂਤੀਬਾਜ਼ਾਂ ਨੇ ਨਵਾਬ ਨੂੰ ਭੜਕਾਇਆ ਕਿ ਤੁਹਾਡਾ ਮੋਦੀਖਾਨਾ ਲੁਟਾ-ਪੁਟਾ ਕੇ ਪਾਜ ਉਘੜਨ ਤੋਂ ਬਚਣ ਲਈ ਡੁੱਬ ਮੋਇਆ ਹੈ । ਪਰ ਲੇਖਾ ਕੀਤਾ ਗਿਆ, ਤਾਂ ਗੁਰੂ ਜੀ ਦਾ ਹੀ ਵਾਧਾ ਨਿਕਲਿਆ । ਸੱਭੇ ਹੈਰਾਨ ਸਨ ਕਿ ਉਹ ਕਿੱਥੇ ਗਏ ਤੇ ਕਿਉਂ ਗਏ ?

ਗੁਰੂ ਜੀ ਦੀ ਆਪਣੀ ਬਾਣੀ ਤੋਂ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਅਤੇ ਪੁਰਾਤਨ ਜਨਮ ਸਾਖੀ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਇਕਾਂਤ ਵਿੱਚ ਬੈਠੇ ਕਰਤਾਰ ਦੇ ਧਿਆਨ ਵਿੱਚ ਜੁੜ ਗਏ, ਉਨ੍ਹਾਂ ਦੀ ਆਤਮਾ ਕਰਤਾਰ ਦੀ ਹਜ਼ੂਰੀ ਵਿੱਚ ਸੱਚਖੰਡ ਪੁੱਜੀ । ਓਥੋਂ ਆਪ ਨੂੰ ਹੁਕਮ ਹੋਇਆ ਕਿ ਇਸ ਤਰ੍ਹਾਂ ਇਕ ਥਾਂ ਬਹਿ ਕੇ ਸੱਚ-ਧਰਮ ਦਾ ਉਪਦੇਸ਼ ਕਰਨਾ ਕਾਫੀ ਨਹੀਂ। ਇਸ ਉਪਦੇਸ਼ ਦੀ ਸਾਰੀ ਦੁਨੀਆਂ ਨੂੰ ਲੋੜ ਹੈ । ਸਾਰੀ ਪ੍ਰਿਥਵੀ ਝੂਠ, ਸ਼ਰੀਕੇ, ਫੁੱਟ, ਵੈਰ, ਵਿਰੋਧ, ਈਰਖਾ, ਕ੍ਰੋਧ, ਹੰਕਾਰ ਤੇ ਪਾਪਾਂ ਦੇ ਭਾਂਬੜਾਂ ਵਿੱਚ ਸੜ-ਬਲ ਰਹੀ ਹੈ । ਇਸ ਨੂੰ ਨਾਮ-ਅੰਮ੍ਰਿਤ ਦਾ ਛੱਟਾ ਦੇ ਕੇ ਠਾਰੋ, ਸ਼ਾਂਤ ਕਰੋ ਅਤੇ ਸੰਸਾਰੀ ਜੀਵਾਂ

੧ ਇਸ ਥਾਂ ਮਗਰੋਂ 'ਸੰਤਘਾਟ' ਗੁਰਦੁਆਰਾ ਬਣਿਆ ।



ਨੂੰ ਸੱਚੇ ਧਰਮ ਵਾਲੀ, ਏਕਤਾ, ਪਿਆਰ, ਪਰਉਪਕਾਰ ਵਾਲੀ ਸੱਚੀ-ਸੁੱਚੀ ਰਹਿਣੀ ਦੀ ਜਾਚ ਸਿਖਾਓ । ਵੇਖੋ ਤਾਂ ਸਹੀ, ਪ੍ਰਿਥਵੀ ਦਾ ਕੀ ਹਾਲ ਹੈ ।

ਹੁਕਮ ਪਾ ਕੇ ਗੁਰੂ ਜੀ ਨੇ ਸੰਸਾਰ ਵੱਲ ਝਾਤ ਮਾਰੀ । ਆਪ ਨੇ ਕੀ ਡਿੱਠਾ ? ਭਾਈ ਗੁਰਦਾਸ ਜੀ ਕਹਿੰਦੇ ਹਨ :

*ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।*
*ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ ।*

ਇਸ ਸੱਚ ਖੰਡ ਯਾਤਰਾ ਤੋਂ ਗੁਰੂ ਜੀ ਤਿੰਨਾਂ ਦਿਨਾਂ ਮਗਰੋਂ ਮੁੜੇ । ਹੁਣ ਉਹ ਹੋਰ ਦੇ ਹੋਰ ਹੋ ਚੁੱਕੇ ਸਨ । ਉਹ ਆਪਣੇ ਡੇਰੇ ਗਏ । ਉਨ੍ਹਾਂ ਨੇ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਗਰੀਬਾਂ ਨੂੰ ਕਿਹਾ ਕਿ ਜੋ ਕੁਝ ਹੈ, ਲੈ ਜਾਓ । ਇਸ ਤਰ੍ਹਾਂ ਸਭ ਕੁਝ ਵੰਡ ਕੇ ਉਹ ਚੁੱਪ ਧਾਰ ਬੈਠੇ । ਜਦ ਵੀ ਉਨ੍ਹਾਂ ਨੂੰ ਗੱਲ ਕਰਨ ਲਈ ਕਿਹਾ ਜਾਵੇ, ਤਾਂ ਉਹ ਇਹੋ ਹੀ ਕਹਿਣ 'ਨਾ ਕੋਈ ਹਿੰਦੂ, ਨਾ ਮੁਸਲਮਾਨ ।' ਇਸ ਤੋਂ ਗੁਰੂ ਜੀ ਦਾ ਭਾਵ ਸੀ ਕਿ ਹਿੰਦੂ ਵੀ ਤੇ ਮੁਸਲਮਾਨ ਵੀ ਆਪੋ ਆਪਣੇ ਦੀਨ ਧਰਮ ਤੋਂ ਡਿੱਗ ਚੁੱਕੇ ਹਨ ਅਤੇ ਸਭ ਦੇ ਸਾਂਝੇ ਪਿਤਾ ਪ੍ਰਮਾਤਮਾ ਨੂੰ ਭੁਲਾ ਕੇ ਆਪੋ ਵਿੱਚ ਲੜ ਭਿੜ ਰਹੇ ਹਨ ।

ਆਪ ਜੀ ਦੇ ਇਸ ਬਚਨ ਨੇ ਸ਼ਹਿਰ ਵਿੱਚ ਰੌਲਾ ਜਿਹਾ ਮਚਾ ਦਿੱਤਾ । ਮੁਸਲਮਾਨ ਤਾਂ ਖਾਸ ਕਰ ਕੇ ਬਹੁਤ ਭੂਤਰ ਉਠੇ । ਉਹ ਕਹਿਣ, 'ਸਾਡਾ ਦੀਨ ਤਾਂ ਮਾਰੋ-ਮਾਰ ਕਰਦਾ ਵਧਦਾ-ਵਧਦਾ ਜਾ ਰਿਹਾ ਹੈ । ਫੇਰ ਭਲਾ ਕੋਈ ਇਹ ਕਿਉਂ ਆਖੇ ਕਿ ਜਗਤ ਵਿੱਚ ਕੋਈ ਮੁਸਲਮਾਨ ਹੈ ਹੀ ਨਹੀਂ ।' ਸ਼ਹਿਰ ਦੇ ਕਾਜ਼ੀ ਨੇ ਜਾ ਕੇ ਨਵਾਬ ਪਾਸ ਸ਼ਿਕਾਇਤ ਕੀਤੀ । ਨਵਾਬ ਨੇ ਗੁਰੂ ਜੀ ਨੂੰ ਸੱਦ ਭੇਜਿਆ । ਪਹਿਲਾਂ ਤਾਂ ਉਹ ਨਾ ਆਏ । ਉਨ੍ਹਾਂ ਨੇ ਕਿਹਾ ਕਿ ਅਸੀਂ ਹੁਣ ਨਵਾਬ ਦੀ ਨੌਕਰੀ ਛੱਡ ਦਿੱਤੀ ਹੈ ਤੇ ਕਰਤਾਰ ਦੀ ਨੌਕਰੀ ਵਿੱਚ ਰੁੱਝ ਗਏ ਹਾਂ, ਪਰ ਨਵਾਬ ਨੇ ਬੜੀ ਅਧੀਨਗੀ ਨਾਲ ਦਰਸ਼ਨਾਂ ਲਈ ਬੇਨਤੀ ਕਰ ਭੇਜੀ । ਗੁਰੂ ਜੀ ਨਵਾਬ ਦੇ

ਦਰਬਾਰ ਪਹੁੰਚ ਗਏ ।

ਓਥੇ ਨਵਾਬ ਤੇ ਕਾਜ਼ੀ ਨਾਲ ਚੋਖਾ ਚਿਰ ਚਰਚਾ ਵਿਚਾਰ ਹੋਈ । ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਸੱਚੇ ਮੁਸਲਮਾਨ ਵਿੱਚ ਕੀ ਗੁਣ ਹੋਣੇ ਚਾਹੀਦੇ ਹਨ ਅਤੇ ਫੇਰ ਕਿਹਾ ਸਾਨੂੰ ਤਾਂ ਅਜਿਹਾ ਮੁਸਲਮਾਨ ਕਿਤੇ ਦਿੱਸਦਾ ਨਹੀਂ । ਇਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਸਭ ਧਰਮਾਂ ਦਾ ਤੱਤ ਇੱਕੋ ਹੈ, ਮਨੁੱਖ ਸਭ ਇਕੋ ਪਿਤਾ ਪਰਮਾਤਮਾ ਦੇ ਜਾਏ ਹਨ, ਦੀਨਾਂ ਧਰਮਾਂ ਦੇ ਵਿਤਕਰੇ ਸੱਭੇ ਇਨਸਾਨਾਂ ਦੇ ਪਾਏ ਹੋਏ ਹਨ, ਸਭ ਧਰਮ ਇਕ ਰੱਬ ਤੀਕ ਪਹੁੰਚਣ ਦੇ ਵੱਖ-ਵੱਖ ਰਾਹ ਹਨ, ਸੱਚੇ ਧਰਮੀ ਬੰਦੇ ਲਈ ਸਭ ਧਰਮ ਇਕੋ ਜਿਹੇ ਅਤੇ ਸਭ ਧਰਮਾਂ ਵਾਲੇ ਭਰਾ ਭਾਈ ਪ੍ਰਤੀਤ ਹੁੰਦੇ ਹਨ ।

ਇੰਨੇ ਚਿਰ ਨੂੰ ਨਮਾਜ਼ ਦਾ ਵੇਲਾ ਹੋ ਗਿਆ । ਕਾਜ਼ੀ ਨੇ ਕਿਹਾ ਜੇ ਸਭ ਧਰਮ ਤੁਹਾਡੇ ਲਈ ਇਕ-ਸਮਾਨ ਹਨ, ਤਾਂ ਚਲੋ ਸਾਡੇ ਨਾਲ ਚੱਲ ਕੇ ਨਮਾਜ਼ ਪੜ੍ਹੋ । ਮਸੀਤੇ ਚਲੇ ਗਏ, ਕਾਜ਼ੀ ਸਭ ਦੇ ਅੱਗੇ ਖੜੋ ਕੇ ਨਮਾਜ਼ ਪੜ੍ਹਨ ਪੜ੍ਹਾਉਣ ਲੱਗਾ । ਗੁਰੂ ਜੀ ਵੀ ਉਸ ਦੇ ਮਗਰ ਖੜੋ ਗਏ । ਮੌਲਵੀ ਅਤੇ ਹੋਰ ਨਮਾਜ਼ੀ ਸਿਜਦੇ ਕਰਦੇ ਰਹੇ, ਪਰ ਗੁਰੂ ਜੀ ਚੁੱਪ ਤੇ ਅਡੋਲ ਖੜੋਤੇ ਰਹੇ । ਨਮਾਜ਼ ਮੁੱਕਣ 'ਤੇ ਕਾਜ਼ੀ ਤੇ ਨਵਾਬ ਨੇ ਗੁਰੂ ਜੀ ਨੂੰ ਕਿਹਾ, 'ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ ?'

ਗੁਰੂ ਜੀ– 'ਅਸੀਂ ਨਮਾਜ਼ ਕਿਹਦੇ ਪਿੱਛੇ ਪੜ੍ਹਦੇ । ਕਾਜ਼ੀ ਹੋਰੀਂ ਤਾਂ ਘਰ ਦੇ ਵਿਹੜੇ ਵਿੱਚ ਖੁੱਲ੍ਹੀ ਛੱਡੀ ਵਛੇਰੀ ਨੂੰ ਖੂਹੀ ਵਿੱਚ ਡਿਗਣੋਂ ਰੋਕਣ ਲਈ ਭਟਕਦੇ ਰਹੇ । ਨਵਾਬ ਹੋਰੀਂ ਕਾਬਲ ਵਿੱਚ ਘੋੜੇ ਖ਼ੀਦਦੇ ਫਿਰੇ, ਮਿੱਤਰੋ ! ਅਸਲੀ ਨਮਾਜ਼ ਇਉਂ ਨਹੀਂ ਪੜ੍ਹੀਦੀ ।

ਕਾਜ਼ੀ ਦੀ ਨਿਸ਼ਾ ਹੋ ਗਈ । ਉਹ ਨਿਰੁੱਤਰ ਹੋ ਕੇ ਪਰ੍ਹੇ ਹਟ ਗਿਆ । ਨਵਾਬ ਦੌਲਤ ਖਾਂ ਲੋਦੀ ਗੁਰੂ ਜੀ ਦੀ ਚਰਨੀਂ ਪਿਆ ਅਤੇ ਗੁਰੂ ਜੀ ਦਾ ਸਿੱਖ ਬਣਿਆ । ਭਾਈ ਗੁਰਦਾਸ ਜੀ ਨੇ



ਯਾਰ੍ਹਵੀਂ ਵਾਰ ਵਿੱਚ ਪਹਿਲੀ ਪਾਤਸ਼ਾਹੀ ਦੇ ਸਿੱਖਾਂ ਦੀ ਜੋ ਫਰਿਸਤ ਦਿੱਤੀ ਹੈ, ਉਸ ਵਿੱਚ ਇਸ ਨਵਾਬ ਦਾ ਨਾਂ ਵੀ ਹੈ :

*ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ ।*
*(ਵਾਰ ੧੧/੧੩)*

ਨਵਾਬ ਨੂੰ ਨਾਮ-ਦਾਨ ਦੇ ਕੇ ਗੁਰੂ ਜੀ ਆਪਣੀ ਭੈਣ ਜੀ ਦੇ ਘਰ ਗਏ । ਇਕ ਦਿਨ ਓਥੇ ਰਹੇ । ਅਗਲੇ ਦਿਨ ਆਪ ਨੇ ਸਾਰੇ ਪਰਵਾਰ ਨੂੰ ਪਾਸ ਬਿਠਾ ਕੇ ਕਿਹਾ, ਸਾਨੂੰ ਪਿਤਾ ਪਰਮਾਤਮਾ ਦਾ ਹੁਕਮ ਹੋਇਆ ਹੈ ਕਿ ਸੰਸਾਰ ਦਾ ਰਟਨ ਕਰੋ ਅਤੇ ਮਨੁੱਖ ਜਾਤੀ ਨੂੰ ਸਤਿਨਾਮ ਦਾ ਉਪਦੇਸ਼ ਦਿਓ । ਸੋ ਅਸੀਂ ਤਾਂ ਹੁਣ ਜਾਂਦੇ ਹਾਂ, ਤੁਸੀਂ ਰੱਬ 'ਤੇ ਭਰੋਸਾ ਰੱਖਣਾ । ਉਹ ਤੁਹਾਡੀ ਸਭ ਦੀ ਸਾਰ-ਸੰਭਾਲ ਕਰੇਗਾ, ਇਨ੍ਹਾਂ ਮਾਸੂਮ ਬੱਚਿਆਂ ਦੀ ਵੀ ਤੇ ਇਨ੍ਹਾਂ ਦੀ ਸੁਭਾਗੀ ਮਾਤਾ ਦੀ ਵੀ । ਅਸੀਂ ਸਮੇਂ-ਸਮੇਂ ਫੇਰ ਵੀ ਆਇਆ ਕਰਾਂਗੇ ਅਤੇ ਪੈਂਡੇ ਪੰਧ ਮੁਕਾ ਕੇ ਫੇਰ ਟੱਬਰ ਵਿੱਚ ਨਿਵਾਸ ਕਰਾਂਗੇ ।

ਇਹ ਕੁਝ ਕਹਿ ਕੇ ਗੁਰੂ ਜੀ ਸਭ ਪਰਵਾਰ ਤੋਂ ਵਿਦਾ ਹੋਏ। ਮਹਾਤਮਾ ਬੁੱਧ ਵਾਕੁਰ ਮੋਹ ਜਾਗ ਪੈਣ ਦੇ ਡਰ ਕਾਰਨ ਰਾਤ ਦੇ ਹਨੇਰੇ ਵਿੱਚ ਅਤੇ ਆਪਣੀ ਇਸਤਰੀ ਤੇ ਪੁੱਤ ਦਾ ਮੂੰਹ ਵੇਖੇ ਬਿਨਾਂ ਨਹੀਂ, ਸਗੋਂ ਦਿਨੇ ਅਤੇ ਸਭ ਨੂੰ ਅਸੀਸਾਂ ਪਿਆਰ ਦੇ ਕੇ । ਹਾਂ ਜੀ ਭਾਈ ਗੁਰਦਾਸ ਜੀ ਦੇ ਕਥਨ ਮੁਜਬ:

*ਬਾਬੇ ਭੇਖ ਬਣਾਇਆ ਉਦਾਸੀ[੧] ਕੀ ਰੀਤਿ ਚਲਾਈ ।*
*ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥ (ਵਾਰ ੧)*
*ਬਾਬੇ ਡਿੱਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ ।*
*(ਵਾਰ ੧:੨੮)*

❀ ❀ ❀

੧ ਉਦਾਸੀ ਦਾ ਭਾਵ ਧਰਮ-ਪ੍ਰਚਾਰ ਹਿਤ ਕੀਤੀ ਸੰਸਾਰ ਯਾਤਰਾ ਹੈ। ਗੁਰੂ ਜੀ ਦੀ ਸੰਸਾਰ-ਯਾਤਰਾ ਦੇ ਦੌਰਿਆਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ ।

ਕਾਂਡ ੧੦

## ਪੰਜਾਬ ਦਾ ਦੌਰਾ—੧

### (ਨੀਚੋਂ ਊਚ ਕੀਤੇ ਨੇ)

ਭਾਈ ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਸੁਲਤਾਨਪੁਰੋਂ ਤੁਰ ਪਏ । ਲੰਮੇਰੀਆਂ ਯਾਤਰਾਂ ਜਾਂ ਉਦਾਸੀਆਂ ਅਰੰਭ ਕਰਨੋਂ ਪਹਿਲਾਂ ਆਪ ਨੇ ਕੁਝ ਚਿਰ ਪੰਜਾਬ ਦਾ ਚੱਕਰ ਲਾਇਆ । ਜਿੱਥੇ -ਜਿੱਥੇ ਜਾਂਦੇ, ਓਥੇ ਆਪ ਹਿੰਦੂਆਂ ਤੇ ਮੁਸਲਮਾਨਾਂ ਨੂੰ ਸੱਚੇ ਧਰਮ ਦਾ ਰਾਹ ਦੱਸਦੇ ਤੇ ਸਿੱਖੀ ਦਾਨ ਕਰਦੇ, ਹਰ ਥਾਂ ਓਥੋਂ ਦੇ ਸਜੇ ਸਿੱਖਾਂ ਦੀ ਸਤਿਸੰਗਤ ਕਾਇਮ ਕਰਦੇ ਅਤੇ ਸਿੱਖੀ ਦੇ ਪ੍ਰਚਾਰ ਨੂੰ ਜਾਰੀ ਰੱਖਣ ਲਈ ਓਥੋਂ ਦੇ ਮੁਖੀ ਸਿੱਖ ਨੂੰ ਸੰਗਤ ਦਾ ਆਗੂ ਅਤੇ ਸਿੱਖੀ ਦਾ ਪ੍ਰਚਾਰਕ ਥਾਪਦੇ । ਇਸ ਤਰ੍ਹਾਂ ਥਾਂ-ਥਾਂ ਆਪ 'ਮੰਜੀਆਂ' ਜਾਂ ਸਿੱਖੀ-ਪ੍ਰਚਾਰ ਦੇ ਕੇਂਦਰ ਕਾਇਮ ਕਰਦੇ ਗਏ ।

ਦਰਿਆ ਬਿਆਸ ਪਾਰ ਕਰ ਕੇ ਆਪ ਉਸ ਥਾਂ ਠਹਿਰੇ ਜਿੱਥੇ ਮਗਰੋਂ ਤੀਜੀ ਪਾਤਸ਼ਾਹੀ ਨੇ ਗੋਇੰਦਵਾਲ (ਗੋਂਦਵਾਲ) ਵਸਾਇਆ, ਫੇਰ ਉਸ ਥਾਂ ਪੁੱਜੇ ਜਿੱਥੇ ਮਗਰੋਂ ਚੌਥੇ ਸਤਿਗੁਰੂ ਨੇ ਸ੍ਰੀ ਅੰਮ੍ਰਿਤਸਰ ਰਚਿਆ । ਇਸ ਤਰ੍ਹਾਂ ਥਾਂ-ਥਾਂ ਨਾਮ-ਅੰਮ੍ਰਿਤ ਦਾ ਖੁਲ੍ਹਾ ਛੱਟਾ ਦੇਂਦੇ ਰੂਹਾਨੀ ਤੌਰ 'ਤੇ ਮਰ ਚੁਕੇ ਇਨਸਾਨਾਂ ਨੂੰ ਜੀਅ-ਦਾਨ ਦੇ ਕੇ ਸੁਰਜੀਤ ਕਰਦੇ ਤੇ ਮਾਲਕ ਸਿਰਜਣਹਾਰ ਨਾਲ ਜੋੜਦੇ ਗੁਰੂ ਜੀ ਸੈਦਪੁਰ ਪੁੱਜੇ । ਇਸ ਥਾਂ ਦਾ ਨਾਂ ਮਗਰੋਂ ਐਮਨਾਬਾਦ ਹੋਇਆ । ਇਹ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਹੈ । ਓਥੇ ਆਪ ਭਾਈ ਲਾਲੋ ਦੇ ਘਰ ਠਹਿਰੇ । ਲਾਲੋ ਜਾਤ ਦਾ ਤਰਖਾਣ ਅਤੇ ਉਚ-ਜਾਤੀਏ ਹਿੰਦੂਆਂ ਦੇ ਖਿਆਲ ਮੂਜਬ



ਸ਼ੂਦਰ ਸੀ ਪਰ ਉਹ ਧਰਮ ਦੀ ਕਿਰਤ ਕਰਦਾ ਸੀ, ਕਿਰਤ ਕਮਾਈ ਵਿੱਚੋਂ ਰੱਬ ਲੇਖੇ ਵੀ ਵਿਤ ਮੂਜਬ ਦਿਆ ਕਰਦਾ ਸੀ ਅਤੇ ਰੱਬ ਦਾ ਪਿਆਰਾ ਸੀ । ਰੱਬ ਦੇ ਪਿਆਰੇ, ਗੁਰੂ ਨਾਨਕ ਦੇਵ ਜੀ ਨੂੰ ਵੀ ਪਿਆਰੇ ਲਗਦੇ ਸਨ । ਉਸ ਵੇਲੇ ਛੂਤ-ਛਾਤ ਦਾ ਬੜਾ ਜ਼ੋਰ ਸੀ । ਖੱਤਰੀ, ਬ੍ਰਾਹਮਣ ਤੇ ਵੈਸ਼, ਸ਼ੂਦਰਾਂ ਤੋਂ ਭਿੱਟ ਮਨਾਉਂਦੇ ਸਨ । ਉਹ ਮੁਸਲਮਾਨਾਂ ਤੋਂ ਵੀ ਭਿੱਟ ਮਨਾਉਂਦੇ ਸਨ । ਗੁਰੂ ਜੀ ਖੱਤਰੀ ਜਾਤ ਦੀ ਬੇਦੀ ਕੁਲ ਵਿਚੋਂ ਸਨ । ਉਹ ਉਚ ਜਾਤੀਏ ਸਨ, ਪਰ ਉਹ ਉਚ-ਜਾਤੀਆਂ ਵਾਲੀ ਰਹਿਤ ਮਰਯਾਦਾ ਸਭ ਭੰਗ ਕਰ ਰਹੇ ਸਨ । ਉਹ ਇਕ ਮੁਸਲਮਾਨ (ਮਰਦਾਨੇ) ਨੂੰ ਆਪਣੀ ਅੜਦਲ ਵਿੱਚ ਲਈ ਫਿਰਦੇ ਸਨ ਤੇ ਉਸ ਤੋਂ ਭਿੱਟ ਨਹੀਂ ਸਨ ਮਨਾਉਂਦੇ । ਉਹ ਉਸ ਮੁਸਲਮਾਨ ਦੇ ਨਾਲ ਬਹਿ ਕੇ ਸ਼ੂਦਰ ਜਾਤ ਦੇ ਲਾਲੋ ਦੇ ਘਰੋਂ ਅੰਨ ਪਾਣੀ ਛਕਦੇ ਸਨ ਅਤੇ ਉਸ ਸ਼ੂਦਰ ਦੇ ਘਰ ਟਿਕੇ ਹੋਏ ਸਨ । ਸੈਦਪੁਰ ਦੇ ਉਚ-ਜਾਤੀਆਂ ਵਿੱਚ ਬਹੁਤ ਚਰਚਾ ਛਿੜ ਪਈ, ਪਰ ਗੁਰੂ ਜੀ ਇਸ ਗੱਲ ਦੀ ਕੱਖ ਭਰ ਵੀ ਪਰਵਾਹ ਨਾ ਕਰਦੇ ਹੋਏ ਭਾਈ ਲਾਲੋ ਦੇ ਘਰ ਟਿਕੇ ਰਹੇ ਅਤੇ ਸੱਚੇ ਧਰਮ ਦਾ ਉਪਦੇਸ਼ ਕਰਦੇ ਰਹੇ ।

ਕੁਝ ਦਿਨ ਮਗਰੋਂ ਇਕ ਅਜਿਹੀ ਘਟਨਾ ਵਾਪਰੀ ਜਿਸ ਕਾਰਨ ਇਹ ਚਰਚਾ ਹੋਰ ਵੀ ਵਧੇਰੇ ਗਰਮ ਹੋ ਕੇ ਸਿਰ 'ਤੇ ਪੁੱਜ ਗਈ । ਸੈਦਪੁਰ ਵਿੱਚ ਓਥੋਂ ਦੇ ਪਠਾਣ ਫੌਜਦਾਰ ਜ਼ਾਲਮ ਖਾਂ ਦਾ ਇਕ ਹਿੰਦੂ ਅਹਿਲਕਾਰ ਰਹਿੰਦਾ ਸੀ ਉਸ ਦਾ ਨਾਂ ਸੀ ਮਲਕ ਭਾਗੋ। ਉਹ ਵੱਡਾ ਵੱਢੀ-ਖੋਰ, ਹੰਕਾਰੀ ਤੇ ਜਾਬਰ ਸੀ । ਉਸ ਨੇ ਬ੍ਰਹਮ-ਭੋਜ ਅਰਥਾਤ ਰੱਬ ਦੇ ਨਾਂ 'ਤੇ ਬ੍ਰਾਹਮਣਾਂ, ਸਾਧਾਂ, ਸੰਤਾਂ ਆਦਿ ਨੂੰ ਭੋਜਨ ਛਕਾਉਣ ਦਾ ਜੱਗ ਕੀਤਾ । ਸਭ ਬ੍ਰਾਹਮਣਾਂ ਅਤੇ ਸੰਤਾਂ ਸਾਧਾਂ ਨੂੰ ਸੱਦਿਆ ਤੇ ਚੰਗਾ ਚੋਖਾ ਖਵਾਇਆ ਗਿਆ । ਗੁਰੂ ਜੀ ਨੂੰ ਵੀ ਨਿਓਂਦਾ ਦਿੱਤਾ ਗਿਆ, ਪਰ ਉਹ ਮਲਕ ਭਾਗੋ ਦੇ ਘਰ ਨਾ ਗਏ।

ਮਲਕ ਭਾਗੋ ਨੇ ਇਸ ਵਿੱਚ ਆਪਣੀ ਨਿਰਾਦਰੀ ਤੇ ਹੱਤਕ ਸਮਝੀ । ਉਸ ਨੇ ਸਰਕਾਰੀ ਪਿਆਦਾ ਭੇਜ ਕੇ ਗੁਰੂ ਜੀ ਨੂੰ ਸੱਦਿਆ ਅਤੇ ਕਿਹਾ, 'ਤੁਸੀਂ ਇਕ ਸ਼ੂਦਰ ਦੇ ਘਰ ਰਹਿੰਦੇ ਅਤੇ ਉਸ ਦੀਆਂ ਸੁੱਕੀਆਂ ਰੋਟੀਆਂ ਖਾਂਦੇ ਹੋ, ਪਰ ਤੁਸਾਂ ਮੇਰੇ ਜਿਹੇ ਉੱਚ-ਜਾਤੀਏ ਹਿੰਦੂ ਦੇ ਘਰ ਆਉਣੋਂ ਅਤੇ ਮੇਰੇ ਵਧੀਆ ਚੰਗੇ ਚੋਖੇ ਪਕਵਾਨ ਪਦਾਰਥ ਖਾਣੋਂ ਨਾਂਹ ਕਰ ਦਿੱਤੀ ਹੈ । ਕਿਉਂ ?

ਗੁਰੂ ਜੀ– 'ਮੈਂ ਦੱਸਦਾ ਹਾਂ । ਇਕ ਥਾਲ ਆਪਣੇ ਵਧੀਆ ਪਕਵਾਨ ਦਾ ਤਾਂ ਮੰਗਵਾਓ ।'

ਜਾਂ ਥਾਲ ਆ ਗਿਆ, ਤਾਂ ਗੁਰੂ ਜੀ ਨੇ ਆਪਣੇ ਪਰਨੇ ਦੇ ਪੱਲਿਓਂ ਭਾਈ ਲਾਲੋ ਦੇ ਘਰੋਂ ਲਿਆਂਦੀ ਹੋਈ ਕੋਧਰੇ ਦੀ ਰੋਟੀ ਖੋਲ੍ਹੀ । ਇਕ ਹੱਥ ਵਿੱਚ ਮਲਕ ਭਾਗੋ ਦੇ ਘਰੋਂ ਆਈ ਪੂਰੀ ਫੜ ਲਈ ਅਤੇ ਦੂਜੇ ਵਿੱਚ ਕੋਧਰੇ ਦਾ ਸੁੱਕਾ ਟੁੱਕਰ, ਫੇਰ ਦੋਵੇਂ ਬਾਹੀਂ ਉੱਚੀਆਂ ਪਸਾਰ ਕੇ ਉਨ੍ਹਾਂ ਨੇ ਦੋਹਾਂ ਹੱਥਾਂ ਨੂੰ ਘੁੱਟਿਆ । ਭਾਗੋ ਦੀ ਪੂਰੀ ਵਿਚੋਂ ਲਹੂ ਅਤੇ ਲਾਲੋ ਦੇ ਕੋਧਰੇ ਦੇ ਟੁੱਕਰ ਵਿਚੋਂ ਦੁੱਧ ਦੇ ਤੁਬਕੇ ਡਿੱਗਣ ਲੱਗ ਪਏ ।

ਫੇਰ ਗੁਰੂ ਜੀ ਬੋਲੇ, ਵੇਖਿਆ ਜੇ, ਮਲਕ ਜੀ ! ਮੈਂ ਤੁਹਾਡੇ ਪਕਵਾਨ ਖਾਣੋ ਨਾਂਹ ਕਿਉਂ ਕੀਤੀ ਸੀ । ਤੁਹਾਡਾ ਭੋਜਨ ਗਰੀਬਾਂ, ਮਿਹਨਤੀਆਂ ਦੇ ਲਹੂ ਨਾਲ ਭਰਿਆ ਹੋਇਆ ਹੈ । ਇਹ ਹੋਰਨਾਂ ਦੀ ਕਮਾਈ ਨੂੰ ਧੱਕੇ ਜਬਰ ਨਾਲ ਖੋਹ ਕੇ ਤਿਆਰ ਕੀਤਾ ਗਿਆ ਹੈ । ਲਾਲੋ ਦਸਾਂ ਨਹੁੰਆਂ ਦੀ ਕਿਰਤ ਕਰਦਾ ਤੇ ਵੰਡ ਕੇ ਛਕਦਾ ਹੈ । ਉਸ ਦਾ ਭੋਜਨ ਪਵਿਤ੍ਰ ਹੈ, ਦੁੱਧ ਵਾਕਰ ਨਰੋਆ ਤੇ ਸੁਆਦੀ ਹੈ । ਚੇਤੇ ਰਖੋ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ[੧] ਤਾ ਭਰੇ ਜਾ ਮੁਰਦਾਰੁ[੨] ਨ ਖਾਇ ॥*

---

*੧ ਜ਼ੁੰਮੇਵਾਰੀ, ਹਾਂ ਮੈਂ ਇਸ ਪੱਖੀ ਹਾਂ, ਇਹ ਕਹਿਣਾ ਹਾਮਾ ਹੈ । ੨ ਜੋ ਸ਼ੈ ਖਾਣੀ ਹਰਾਮ ਹੈ ।*



*ਗਲੀ[੩] ਭਿਸਤਿ[੪] ਨ ਜਾਈਐ ਛੁਟੈ ਸਚੁ ਕਮਾਇ ॥*
*ਮਾਰਣ[੫] ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥*
*ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥[੬]*

ਬਾਕੀ ਰਹੀ ਉਚੀਆਂ-ਨੀਵੀਆਂ ਜਾਤਾਂ ਦੀ ਗੱਲ । ਸਭ ਇਨਸਾਨ ਇੱਕੋ ਪਿਤਾ ਪ੍ਰਮਾਤਮਾ ਦੇ ਜਾਏ ਹਨ ਤੇ ਸਭ ਉਸ ਦੀ ਰਖਿਆ ਹੇਠ ਹਨ । ਜਾਤਾਂ ਦੇ ਵਿਤਕਰੇ ਵਾਧੂ ਤੇ ਫ਼ਜ਼ੂਲ ਹਨ :

*ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥[੭]*

ਉੱਚਾ ਤੇ ਉਚ-ਜਾਤੀਆ ਉਹ ਹੈ ਜੋ ਉੱਚੀ-ਸੁੱਚੀ ਰਹਿਣੀ ਰਹੇ । ਨੀਚ ਤੇ ਨੀਚ-ਜਾਤੀਆ ਉਹ ਹੈ ਜੋ ਰੱਬ ਨੂੰ ਭੁੱਲ ਕੇ ਨੀਚਾਂ ਵਾਲੇ ਭੈੜੇ ਕੰਮ ਕਰੇ । ਜਾਤ, ਜਨਮ ਮੂਜਬ ਨਹੀਂ, ਸਗੋਂ ਕਰਨੀ ਮੂਜਬ ਹੁੰਦੀ ਹੈ :

*–ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥[੮]*
*–ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ[੯] ॥**

ਜਿਥੋਂ ਤੀਕ ਮੇਰੀ ਵਰਤੋਂ ਦਾ ਸਵਾਲ ਮੈਂ ਤਾਂ ਨੀਵੀਂਆਂ ਤੋਂ ਵੀ ਨੀਵੀਂ ਜਾਤ ਵਾਲਿਆਂ ਦਾ ਮਿੱਤਰ ਤੇ ਸੰਗੀ ਹਾਂ, ਆਪਣੇ ਆਪ ਨੂੰ ਉਚ-ਜਾਤੀਏ ਅਤੇ ਵੱਡੇ ਲੋਕ ਸਮਝਣ ਵਾਲਿਆਂ ਨਾਲ ਮੇਰਾ ਕੋਈ ਵਾਸਤਾ ਨਹੀਂ । ਮੇਰਾ ਤਾਂ ਯਕੀਨ ਹੈ ਕਿ ਜਿਸ ਥਾਂ, ਜਿਸ ਦੇਸ਼ ਜਾਂ ਸਮਾਜ ਵਿੱਚ, ਨੀਵਿਆਂ ਦੀ ਸੰਭਾਲ ਕੀਤੀ ਜਾਂਦੀ ਹੋਵੇ

---

*੩ ਗੱਲੀਂ, ਗੱਲਾਂ ਨਾਲ । ੪ ਬਹਿਸ਼ਤ, ਸੁਰਗ । ੫ ਅਜਿਹਾ ਮਸਾਲਾ ਜੋ ਰਿੰਨ੍ਹਣ ਸਮੇਂ ਸਖਤ ਸ਼ੈ ਨੂੰ ਗਾਲ ਦੇਵੇ । ਭਾਵ ਗਊ ਦਾ ਮਾਸ ਹਿੰਦੂਆਂ ਲਈ ਤੇ ਸੂਰ ਦਾ ਮਾਸ ਮੁਸਲਮਾਨਾਂ ਲਈ ਹਰਾਮ ਹੈ । ਇਸ ਦੇ ਖਾਣ ਦੀ ਧਰਮ ਵੱਲੋਂ ਮਨਾਹੀ ਹੈ । ਜਿਸ ਤਰ੍ਹਾਂ ਅਜਿਹੇ ਮਾਸ ਵਿੱਚ ਗਾਲਣ ਵਾਲੇ ਮਸਾਲੇ ਪਾਉਣ ਨਾਲ ਉਹ ਹਲਾਲ (ਧਰਮ ਮੂਜਬ ਠੀਕ) ਨਹੀਂ ਬਣ ਸਕਦਾ । ਏਸ ਤਰ੍ਹਾਂ ਪਾਪ ਦੀ ਖੱਟੀ ਵਿਚੋਂ ਜੋ ਕੁਝ ਬ੍ਰਹਮ ਭੋਜ ਆਦਿ ਵਿੱਚ ਲਾ ਦਈਏ ਤਾਂ ਉਹ ਹੱਕ-ਹਲਾਲ ਦੀ ਨਹੀਂ ਬਣ ਜਾਂਦੀ । ੬ ਵਾਰ ਮਾਝ ਮ: ੧, ਪੰਨਾ ੧੪੧। ੭ ਵਾਰ ਸਿਰੀ ਰਾਗ, ਮ: ੧, ਪੰਨਾ ੮੩ । ੮ ਪ੍ਰਭਾਤੀ ਮ: ੧, ਪੰਨਾ ੧੩੩੦। ੯ ਨੀਚ ਜਾਤ ਦਾ ਨੀਚ । *ਆਸਾ ਮਹਲਾ ੧, ਪੰਨਾ ੧੦ ।*

ਅਤੇ ਉਨ੍ਹਾਂ ਨੂੰ ਚੁਕਿਆ ਸਤਿਕਾਰਿਆ ਜਾਂਦਾ ਹੋਵੇ, ਪਰਮਾਤਮਾ ਦੀ ਉਸ ਉਪਰ ਨਜ਼ਰ ਸਵੱਲੀ ਹੁੰਦੀ ਹੈ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ[1] ॥*

ਇਹ ਕੌਤਕ ਵੇਖ ਕੇ ਅਤੇ ਗੁਰੂ ਜੀ ਦੇ ਅੰਮ੍ਰਿਤ ਬਚਨ ਸੁਣ ਕੇ ਮਲਕ ਭਾਗੋ ਆਪ ਜੀ ਦੀ ਚਰਨੀਂ ਪਿਆ ਤੇ ਕਹਿਣ ਲੱਗਾ, 'ਮੇਰੇ ਪਿਛਲੇ ਪਾਪ ਤੇ ਔਗੁਣ ਬਖਸ਼ੋ ? ਮੈਂ ਅੱਗੇ ਨੂੰ ਤੁਹਾਡੇ ਦੱਸੇ ਰਾਹੇ ਤੁਰਾਂਗਾ। ਮੈਂ ਕਿਸੇ ਨਾਲ ਧੱਕਾ ਜਾਂ ਵਧੀਕੀ ਜਾਂ ਵਲ-ਛਲ ਨਹੀਂ ਕਰਾਂਗਾ, ਮੈਂ ਪਰਾਇਆ ਹੱਕ ਨਹੀਂ ਖੋਹਾਂਗਾ। ਮੈਂ ਧਰਮ ਦੀ ਕਿਰਤ ਕਰਾਂਗਾ, ਵੰਡ ਕੇ ਖਾਵਾਂਗਾ ਅਤੇ ਸੱਚੇ ਧਰਮ ਦੇ ਰਾਹ ਤੁਰ ਕੇ ਜਨਮ ਗੁਜ਼ਾਰਾਂਗਾ।'

ਗੁਰੂ ਜੀ ਨੇ ਉਸ ਨੂੰ ਸਿੱਖੀ ਦਾ ਦਾਨ ਬਖਸ਼ਿਆ। ਮਲਕ ਭਾਗੋ ਸਿੱਖ ਬਣਿਆ। ਉਸ ਦੇ ਨਾਲ ਹੋਰ ਬਹੁਤ ਸਾਰੇ ਸਿੱਖ ਸਜ ਗਏ। ਗੁਰੂ ਜੀ ਨੇ ਉਥੇ ਸੰਗਤ ਕਾਇਮ ਕੀਤੀ, ਭਾਈ ਲਾਲੋ ਨੂੰ ਉਸ ਸੰਗਤ ਦਾ ਮੁਖੀ ਤੇ ਸਿੱਖੀ ਦਾ ਪ੍ਰਚਾਰਕ ਥਾਪਿਆ। ਇਸ ਤਰ੍ਹਾਂ ਸਿੱਖੀ ਦੇ ਪ੍ਰਚਾਰ ਦਾ ਪਹਿਲਾ ਕੇਂਦਰ ਕਾਇਮ ਕਰ ਕੇ ਅਤੇ 'ਮੰਜੀ' ਭਾਈ ਲਾਲੋ ਨੂੰ ਦੇ ਕੇ ਗੁਰੂ ਜੀ ਓਥੋਂ ਅਗਾਂਹ ਤੁਰ ਪਏ।

* * *

[1] ਸਿਰੀ ਰਾਗ, ਮ: ੧, ਪੰਨਾ ੧੫।



ਕਾਂਡ ੧੧

# ਪੰਜਾਬ ਦਾ ਦੌਰਾ—੨

## ਸੱਜਣ ਠੱਗ

ਸੈਦਪੁਰੋਂ ਤੁਰ ਕੇ ਥਾਂ-ਥਾਂ ਦਾ ਚੱਕਰ ਲਾਉਂਦੇ, ਲੋਕਾਂ ਨੂੰ ਪਾਪਾਂ ਕੁਕਰਮਾਂ ਤੋਂ ਹਟਾਉਂਦੇ, ਛੂਤ-ਛਾਤ, ਊਚ-ਨੀਚ ਤੇ ਜਾਤ-ਪਾਤ ਦੇ ਭਰਮ ਤੇ ਵਿਤਕਰੇ ਮਿਟਾਉਂਦੇ ਅਤੇ ਸਭ ਨੂੰ ਹੱਕ ਹਲਾਲ ਦੀ ਕਮਾਈ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦੀ ਜਾਚ ਦੱਸਦੇ ਸਿਖਾਉਂਦੇ, ਗੁਰੂ ਜੀ ਆਪਣੇ ਜਨਮ-ਨਗਰ ਤਲਵੰਡੀ ਪਹੁੰਚੇ। ਉਥੇ ਆਪ ਆਪਣੇ ਮਾਪਿਆਂ ਤੇ ਸੰਗੀਆਂ ਸਾਥੀਆਂ ਨੂੰ ਮਿਲੇ, ਇਕ ਰਾਤ ਆਪਣੇ ਪਿਆਰੇ ਸ਼ਰਧਾਲੂ ਰਾਏ ਬੁਲਾਰ ਦੇ ਘਰ ਠਹਿਰੇ ਅਤੇ ਸਭ ਨੂੰ ਨਾਮ-ਦਾਨ ਦੇ ਕੇ ਓਥੋਂ ਵੀ ਤੁਰ ਪਏ।

ਤਲਵੰਡੀਓਂ ਤੁਰ ਕੇ ਆਪ ਮੁਲਤਾਨ (ਪਾਕਿਸਤਾਨ) ਦੇ ਪਾਸਲੇ ਤੁਲੰਬੇ ਪਿੰਡ ਜਾ ਪੁੱਜੇ। ਓਥੇ ਸ਼ੇਖ ਸੱਜਣ ਨਾਂ ਦਾ ਇਕ ਬੰਦਾ ਰਹਿੰਦਾ ਸੀ, ਉਸ ਨੇ ਬਾਹਰੋਂ ਫਕੀਰੀ ਬਾਣਾ ਧਾਰਨ ਕੀਤਾ ਹੋਇਆ ਸੀ। ਉਹ ਵੇਖਣ ਨੂੰ ਬੜਾ ਨੇਕ ਤੇ ਧਰਮਾਤਮਾ ਪੁਰਸ਼ ਜਾਪਦਾ ਸੀ। ਉਹ ਜ਼ਬਾਨ ਦਾ ਵੀ ਬੜਾ ਮਿੱਠਾ ਸੀ, ਪਰ ਹੈ ਸੀ ਉਹ ਜ਼ਾਲਮ ਠੱਗ। ਉਸ ਨੇ ਆਪਣੀ ਵੱਡੀ ਸਾਰੀ ਹਵੇਲੀ ਵਿੱਚ ਹਿੰਦੂਆਂ ਲਈ ਮੰਦਰ, ਮੁਸਲਮਾਨਾਂ ਲਈ ਮਸੀਤ ਅਤੇ ਰਾਹੀਆਂ ਮੁਸਾਫਰਾਂ ਲਈ ਸਰਾਂ ਬਣਾਈ ਹੋਈ ਸੀ। ਉਹ ਆਏ ਗਏ ਹਰ ਰਾਹੀ ਮੁਸਾਫਰ ਨੂੰ ਅੰਨ-ਪਾਣੀ ਅਤੇ ਮੰਜੀ-ਬਿਸਤਰਾ ਦਿਆ ਕਰਦਾ ਸੀ ਅਤੇ ਸਭ ਦਾ ਬੜਾ ਆਦਰ-ਭਾ ਕਰਦਾ ਹੁੰਦਾ ਸੀ ਪਰ ਮਗਰੋਂ ਰਾਤ ਨੂੰ ਉਨ੍ਹਾਂ ਨੂੰ ਮਾਰ ਕੇ ਅੰਦਰ ਦੱਬ ਦੇਂਦਾ ਸੀ ਅਤੇ ਉਨ੍ਹਾਂ ਦਾ ਮਾਲ-ਮੱਤਾ ਹਜ਼ਮ ਕਰ ਲੈਂਦਾ ਸੀ।

ਅਜਿਹੇ ਡਿੱਗੇ ਹੋਏ ਅਤੇ ਕੁਰਾਹੇ ਪਏ ਹੋਏ ਪਾਪੀਆਂ ਨੂੰ ਸੋਧ ਕੇ ਸਿੱਧੇ ਰਾਹੇ ਪਾਉਣ ਲਈ ਅਤੇ ਲੋਕਾਂ ਨੂੰ ਉਨ੍ਹਾਂ ਦੇ ਜਬਰ, ਜ਼ੁਲਮ ਤੋਂ ਬਚਾਉਣ ਲਈ ਹੀ ਤਾਂ ਗੁਰੂ ਜੀ ਘਰੋਂ ਨਿਕਲੇ ਸਨ। ਉਹ ਭਾਈ ਮਰਦਾਨੇ ਸਮੇਤ ਸੱਜਣ ਠੱਗ ਦੀ ਹਵੇਲੀ ਵਿੱਚ ਜਾ ਦਾਖਲ ਹੋਏ । ਗੁਰੂ ਜੀ ਦੇ ਚਿਹਰੇ ਦਾ ਜਲਾਲ ਵੇਖ ਕੇ ਸੱਜਣ ਸਮਝਿਆ ਕਿ ਕੋਈ ਚੰਗੇ ਧਨਾਢ ਮੁਸਾਫਰ ਆ ਫਸੇ ਹਨ । ਉਹ ਬੜਾ ਖੁਸ਼ ਹੋਇਆ । ਉਹ ਲੱਗਾ ਗੁਰੂ ਜੀ ਦੇ ਅੱਗੇ-ਪਿੱਛੇ ਫਿਰਨ ਅਤੇ ਉਨ੍ਹਾਂ ਨੂੰ ਭਰਮਾ ਕੇ ਚਾਟੇ ਲਾਉਣ ਦਾ ਜਤਨ ਕਰਨ ਪਰ ਗੁਰੂ ਜੀ ਠੱਗੀ ਖਾਣ ਵਾਲੇ ਤੇ ਅਜਿਹੇ ਜਾਲਾਂ ਵਿੱਚ ਫਸਣ ਵਾਲੇ ਨਹੀਂ ਸਨ । ਉਨ੍ਹਾਂ ਨੇ ਸੱਜਣ ਦਾ ਅੰਨ-ਜਲ ਕੁਝ ਵੀ ਨਾ ਛਕਿਆ, ਨਾ ਹੀ ਉਹ ਬਿਸਤਰੇ 'ਤੇ ਬਿਰਾਜੇ । ਜਿੱਥੇ ਚੌਕੜਾ ਮਾਰ ਕੇ ਆ ਬੈਠੇ ਸਨ, ਓਥੇ ਹੀ ਬੈਠੇ ਕਰਤਾਰ ਨੂੰ ਸਿਮਰਦੇ ਰਹੇ। ਸੱਜਣ ਨੇ ਬੜੇ ਜਤਨ ਕੀਤੇ ਕਿ ਗੁਰੂ ਜੀ ਕੁਝ ਖਾ ਪੀ ਕੇ ਸੌਂ ਜਾਣ, ਪਰ ਉਨ੍ਹਾਂ ਨੇ ਅੱਗੋਂ ਕਹਿ ਦਿੱਤਾ, 'ਪੁਰਖਾ ! ਜਿਸ ਕੰਮ ਲਈ ਕਰਤਾਰ ਦੇ ਭੇਜੇ ਏਥੇ ਆਏ ਹਾਂ, ਉਹ ਤਾਂ ਪਹਿਲਾਂ ਕਰ ਲਈਏ ।'

ਸੱਜਣ ਗੁਰੂ ਜੀ ਪਾਸ ਆ ਬੈਠਾ । ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, 'ਮਰਦਾਨਿਆ, ਛੇੜ ਰਬਾਬ ਭਾਈ ! ਬਾਣੀ ਆਈ ਹੈ । ਫੇਰ ਗੁਰੂ ਜੀ ਨੇ ਸ਼ਬਦ ਗਾਇਨ ਕੀਤਾ–

*ਉਜਲੁ ਕੈਹਾ ਚਿਲਕਣਾ ਘੋਟਿਮ[1] ਕਾਲੜੀ ਮਸੁ[2] ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ਰਹਾਉ॥*
*ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ[3] ॥*

੧ ਘੋਟਣ ਤੇ ਘੋਟਿਆਂ । ੨ ਕਾਲਖ, ਸਿਆਹੀ । ੩ ਚਹੁੰਆਂ ਪਾਸਿਆਂ ਤੋਂ ਚਿਤਰੀਆਂ ਹੋਈਆਂ ।



*ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥*
*ਬਗਾ[1] ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥*
*ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥*
*ਸਿੰਮਲ ਰੁਖੁ ਸਰੀਰੁ ਮੈ ਮੈਜਨ[2] ਦੇਖਿ ਭੁਲੰਨ੍ਹਿ ॥*
*ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥*
*ਅੰਧੁਲੈ ਭਾਰੁ ਉਠਾਇਆ ਡੂਗਰ[3] ਵਾਟ[4] ਬਹੁਤੁ ॥*
*ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥*
*ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥*
*ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ[5] ॥੬॥੧॥੩॥*

ਇਹ ਸ਼ਬਦ ਖਾਸ ਸੱਜਣ ਉਪਰ ਢੁਕਦਾ ਸੀ । ਉਸੇ ਦੀ ਖਾਤਰ ਹੀ ਗੁਰੂ ਜੀ ਨੇ ਉਚੇਚਾ ਉਚਾਰਿਆ ਸੀ । ਸੱਜਣ ਦਾ ਪੱਥਰ-ਹਿਰਦਾ ਮੋਮ ਹੋ ਕੇ ਪੰਘਰ ਗਿਆ, ਉਸ ਦੀਆਂ ਅੱਖਾਂ ਖੁਲ੍ਹ ਗਈਆਂ, ਉਸ ਦੇ ਪਾਪ ਉਸ ਦੇ ਸਾਹਮਣੇ ਅਤੀ ਡਰਾਉਣੇ ਰੂਪ ਧਾਰ ਕੇ ਆ ਖੜੋਤੇ । ਉਹ ਕੰਬ ਗਿਆ । ਉਹ ਗੁਰੂ ਜੀ ਦੀ ਚਰਨੀਂ ਢਹਿ ਪਿਆ, ਗੁਰੂ ਜੀ ਨੇ ਉਸ ਨੂੰ ਥਾਪੜਾ ਦਿੱਤਾ ਅਤੇ ਕਿਹਾ, 'ਉਠ ਸੱਜਣਾਂ ! ਪਾਪ ਛੱਡ, ਧਰਮ ਦਾ ਰਾਹ ਫੜ, ਲੋਕਾਂ ਦਾ ਸੱਚਾ ਸੱਜਣ ਬਣ, ਸਭ ਦਾ ਭਲਾ ਕਰ ਅਤੇ ਇਸ ਤਰ੍ਹਾਂ ਆਪਣਾ ਵੀ । ਸੱਜਣ ਬਣ ਕੇ ਲੋਕ-ਪਰਲੋਕ ਸੁਆਰ ਸੁਧਾਰ ਲੈ । ਸੇਵਾ ਕਰ ਤੇ ਨਾਮ ਜਪ ।'

ਸੱਜਣ ਗੁਰੂ ਜੀ ਦਾ ਸਿੱਖ ਬਣਿਆ । ਗੁਰੂ ਜੀ ਨੇ ਉਸ ਨੂੰ ਆਲੇ-ਦੁਆਲੇ ਦੀ ਸੰਗਤ ਦਾ ਮੁਖੀ ਅਤੇ ਉਸ ਇਲਾਕੇ ਲਈ ਸਿੱਖੀ ਦਾ ਪ੍ਰਚਾਰਕ ਥਾਪਿਆ । ਉਸ ਦਾ ਘਰ ਹੁਣ ਸੱਚੀ ਧਰਮਸਾਲਾ ਬਣ ਗਈ, ਉਹ ਹਰ ਕਿਸੇ ਦਾ ਸੱਚਾ ਸੱਜਣ ਤੇ ਸੇਵਕ ਬਣ ਗਿਆ ।

* * *

੧ ਬਗਲੇ । ੨ ਤੋਤਾ । ੩ ਪਹਾੜ । ੪ ਰਾਹ, ਪੈਂਡਾ । ੫ ਸੂਹੀ ਮ: ੧, ਪੰਨਾ ੭੨੯ ।

ਕਾਂਡ ੧੨

# ਪਹਿਲੀ ਉਦਾਸੀ ਪੂਰਬ ਦੀ– ੧

ਕੁਰਸ਼ੇਤਰ– ਪੰਜਾਬ ਦਾ ਚੱਕਰ ਲਾ ਚੁੱਕਣ ਮਗਰੋਂ ਗੁਰੂ ਜੀ ਨੇ 'ਧਰਤਿ ਲੁਕਾਈ ਸੋਧਣਿ' ਲਈ ਪੰਜਾਬੋਂ ਬਾਹਰ ਜਾਣ ਅਤੇ ਲੰਮੇਰੇ ਚੱਕਰ ਲਾਉਣ ਦਾ ਫੈਸਲਾ ਕੀਤਾ। ਇਨ੍ਹਾਂ ਚੱਕਰਾਂ ਜਾਂ ਸਫਰਾਂ ਨੂੰ ਉਦਾਸੀਆਂ ਕਹਿੰਦੇ ਹਨ।

ਵੱਡੀਆਂ ਉਦਾਸੀਆਂ ਚਾਰ ਹਨ। ਇਕ ਹਿਸਾਬੇ ਪਹਿਲੀ ਉਦਾਸੀ ਤਾਂ ਓਦੋਂ ਤੋਂ ਹੀ ਅਰੰਭ ਹੋ ਗਈ ਜਦੋਂ ਆਪ ਸੰਮਤ ੧੫੫੪ ਵਿੱਚ, ਘਰ-ਬਾਰ ਤਿਆਗ ਕੇ ਧਰਤ ਲੁਕਾਈ ਸੋਧਣ ਲਈ ਸੁਲਤਾਨਪੁਰੋਂ ਤੁਰੇ ਸਨ ਪਰ ਹੁਣ ਤੀਕ ਉਹ ਪੰਜਾਬ ਵਿੱਚ ਹੀ ਰਹੇ ਸਨ। ਲੰਮੇਰੀ ਤੇ ਪੰਜਾਬੋਂ ਬਾਹਰ ਦੀ ਉਦਾਸੀ ਹੁਣ ਸ਼ੁਰੂ ਹੋਈ। ਇਸ ਕਰ ਕੇ ਬਹੁਤੇ ਪਹਿਲੀ ਉਦਾਸੀ ਇਸ ਮੌਕੇ ਤੋਂ ਅਰੰਭ ਹੋਈ ਗਿਣਦੇ ਹਨ।

ਉਦਾਸੀਆਂ ਕਿਸ ਤਰਤੀਬ ਵਿੱਚ ਹੋਈਆਂ– ਇਸ ਬਾਰੇ ਚੋਖਾ ਮਤਭੇਦ ਹੈ, ਪਰ ਬਹੁਤੀ ਸੰਮਤੀ ਇਸ ਤਰਤੀਬ ਦੇ ਹੱਕ ਵਿੱਚ ਹੈ– ਪਹਿਲੀ ਉਦਾਸੀ ਪੂਰਬ ਦੀ, ਦੂਜੀ ਦੱਖਣ ਦੀ, ਤੀਜੀ ਉਤਰ ਦੀ ਅਤੇ ਚੌਥੀ ਪੱਛਮ ਦੀ।

ਪਹਿਲੀ ਉਦਾਸੀ ਵਿੱਚ ਗੁਰੂ ਜੀ ਪ੍ਰਸਿੱਧ ਹਿੰਦੂ ਤੀਰਥਾਂ 'ਤੇ ਗਏ, ਓਥੇ ਆਪ ਨੇ ਲੋਕਾਂ ਨੂੰ ਭਰਮਾਂ-ਵਹਿਮਾਂ ਅਤੇ ਫੋਕੀਆਂ ਰੀਤਾਂ ਰਸਮਾਂ ਦੇ ਜਾਲ ਵਿਚੋਂ ਕੱਢ ਕੇ ਸੱਚੇ ਧਰਮ ਦੇ ਰਾਹ ਪਾਇਆ। ਇਨ੍ਹੀਂ ਥਾਈਂ ਆਪ ਅਜਿਹੇ ਮੌਕਿਆਂ 'ਤੇ ਪੁੱਜਦੇ ਜਦ ਕਿਸੇ ਦਿਨ ਤਿਹਾਰ ਜਾਂ ਉਤਸਵ ਦੇ ਕਾਰਨ ਓਥੇ ਖਲਕਤ ਖਾਸ ਤੌਰ 'ਤੇ ਜੁੜੀ ਹੁੰਦੀ ਸੀ। ਇਸ ਤਰ੍ਹਾਂ ਆਪ ਨੂੰ ਵੱਧ ਤੋਂ ਵੱਧ ਲੋਕਾਂ ਤਾਈਂ ਆਪਣਾ ਸੰਦੇਸ਼ ਪੁਚਾਉਣ ਦਾ ਮੌਕਿਆ ਮਿਲ ਜਾਂਦਾ ਸੀ।



ਗੁਰੂ ਜੀ ਦਾ ਪ੍ਰਚਾਰ ਢੰਗ ਵੀ ਨਿਰਾਲਾ ਤੇ ਅਤੀ ਅਸਰਦਾਰ ਸੀ। ਆਪ ਬਹੁਤੀਆਂ ਬਹਿਸਾਂ ਵਿੱਚ ਘਟ-ਵਧ ਹੀ ਪੈਂਦੇ ਸਨ। ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਉਹ ਆਮ ਕਰ ਕੇ ਦੋ ਗੱਲਾਂ ਕਰਦੇ ਹੁੰਦੇ ਸਨ– ਇਕ ਤਾਂ ਉਹ ਲਿਬਾਸ ਜਾਂ ਪਹਿਰਾਵਾ ਬਹੁਤ ਅਨੋਖਾ ਜਿਹਾ ਧਾਰ ਲੈਂਦੇ ਸਨ। ਦੂਜੇ ਉਹ ਖਲਕਤ ਦੀ ਭੀੜ ਵਿੱਚ ਕੋਈ ਅਜਿਹਾ ਕੰਮ ਕਰਨ ਲੱਗ ਪੈਂਦੇ ਸਨ, ਜੋ ਅਲੋਕਾਰੀ ਜਿਹਾ ਹੁੰਦਾ ਸੀ, ਜਿਸ ਨੂੰ ਲੋਕ ਝਟ ਦੇਖ ਲੈਂਦੇ ਸਨ ਅਤੇ ਹੈਰਾਨ ਜਾਂ ਲੋਹੇ-ਲਾਖੇ ਹੋ ਕੇ ਆਪ ਦੇ ਉਦਾਲੇ ਆ ਜੁੜਦੇ ਸਨ। ਗੁਰੂ ਜੀ ਫੇਰ ਉਪਦੇਸ਼ ਦੇ ਕੇ ਸਭ ਨੂੰ ਗਿਆਨ-ਚਾਨਣ ਬਖਸ਼ਦੇ ਸਨ।

ਪਹਿਲੀ ਉਦਾਸੀ ਸਮੇਂ ਆਪ ਦਾ ਲਿਬਾਸ ਇਹ ਸੀ–ਗਲ ਭਗਵਾਂ ਚੋਲਾ ਜਾਂ ਖੱਫਣੀ, ਲੱਕ ਉਦਾਲੇ ਚਿੱਟਾ ਪਟਕਾ ਜਾਂ ਕਮਰਬੰਦ, ਸਿਰ ਉਪਰ ਨੋਕਦਾਰ ਟੋਪੀ, ਧੌਣ ਉਦਾਲੇ ਹੱਡੀਆਂ ਦੀ ਮਾਲਾ, ਦੋਹੀਂ ਪੈਰੀਂ ਵੱਖ-ਵੱਖ ਰੰਗ-ਢੰਗ ਦੇ ਛਿੱਤਰ ਅਤੇ ਮੱਥੇ ਉਪਰ ਕੇਸਰ ਦਾ ਟਿੱਕਾ। ਅਜਿਹਾ ਲਿਬਾਸ ਪਹਿਨ ਕੇ ਆਪ ਨੂੰ ਬੰਦਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਖਾਸ ਜਤਨ (ਉਪਰਾਲਾ) ਨਹੀਂ ਸੀ ਕਰਨਾ ਪੈਂਦਾ। ਲੋਕ ਆਪਣੇ ਆਪ ਹੀ ਉਦਾਲੇ ਆ ਜੁੜਦੇ ਸਨ।

ਪੂਰਬ ਵੱਲ ਨੂੰ ਸਫਰ ਕਰਦੇ-ਕਰਦੇ ਗੁਰੂ ਜੀ ਕੁਰਖੇਤਰ (ਕੁਰਖੇਤਰ ਜਾਂ ਕੁਰਸ਼ੇਤਰ) ਪੁੱਜੇ। ਉਥੇ ਉਸ ਵੇਲੇ ਸੂਰਜ ਗ੍ਰਹਿਣ ਦੇ ਕਾਰਨ ਹਿੰਦੁਸਤਾਨ ਭਰ ਵਿਚੋਂ ਹਿੰਦੂ ਆ ਜੁੜੇ ਹੋਏ ਸਨ। ਅਜਿਹੇ ਮੌਕੇ ਹੀ ਤਾਂ ਆਪ ਵਰਤਣੇ ਚਾਹੁੰਦੇ ਸਨ।

ਗ੍ਰਹਿਣ ਬਾਰੇ ਹਿੰਦੂਆਂ ਵਿੱਚ ਅਨੇਕਾਂ ਭਰਮ-ਵਹਿਮ ਪ੍ਰਚਲਤ ਸਨ ਤੇ ਅਜੇ ਵੀ ਹਨ– ਉਨ੍ਹਾਂ ਵਿਚੋਂ ਇਕ ਇਹ ਹੈ ਕਿ ਜਿੰਨਾ ਚਿਰ ਗ੍ਰਹਿਣ ਲੱਗਾ ਰਹੇ, ਓਨਾ ਚਿਰ ਅੱਗ ਨਹੀਂ ਬਾਲਣੀ, ਕੁਝ ਰਿੰਨ੍ਹਣਾ ਪਕਾਉਣਾ ਤੇ ਖਾਣਾ-ਪੀਣਾ ਨਹੀਂ। ਇਕ ਭਰਮ ਇਹ ਵੀ ਹੈ ਕਿ ਮਾਸ ਰਿੰਨ੍ਹਣਾ ਜਾਂ ਖਾਣਾ ਪਾਪ ਹੈ।

ਗੁਰੂ ਜੀ ਨੇ ਇਹ ਦੋਵੇਂ ਭਰਮ ਮਿਟਾਉਣ ਲਈ ਕੁਰਸ਼ੇਤਰ ਪਹੁੰਚ ਕੇ ਸੂਰਜ-ਗ੍ਰਹਿਣ ਦੇ ਸਮੇਂ ਅੱਗ ਬਾਲ ਕੇ ਹਰਨ ਦਾ ਮਾਸ ਰਿੰਨ੍ਹਣਾ ਧਰ ਦਿੱਤਾ। ਇਹ ਹਰਨ ਆਪ ਨੂੰ ਇਕ ਸ਼ਰਧਾਲੂ ਨੇ ਭੇਟਾ ਕੀਤਾ ਸੀ। ਗ੍ਰਹਿਣ ਸਮੇਂ ਅੱਗ ਬਾਲਣੀ ਤੇ ਉਪਰ ਮਾਸ ਧਰਨਾ ਤੇ ਉਹ ਵੀ ਕੁਰਸ਼ੇਤਰ ਜਿਹੇ ਤੀਰਥ ਉਤੇ ! ਲੋਕੀਂ ਕਰੋਧ ਵਿੱਚ ਆ ਕੇ ਰੌਲਾ ਪਾਉਂਦੇ ਗੁਰੂ ਜੀ ਦੇ ਉਦਾਲੇ ਆ ਜੁੜੇ ਅਤੇ ਲੱਗੇ ਊਲ-ਜਲੂਲ ਬੋਲਣ। ਨਾਲ ਹੀ ਬੜੇ-ਬੜੇ ਪੰਡਤ ਤੇ ਵਿਦਵਾਨ ਵੀ ਆਪ ਜੀ ਨਾਲ ਚਰਚਾ-ਵਿਚਾਰ ਕਰਨ ਲਈ ਆ ਗਏ। ਉਨ੍ਹਾਂ ਵਿਚੋਂ ਨਾਨੂੰ ਪੰਡਤ ਸਭ ਤੋਂ ਮੂਹਰੇ ਸੀ।

ਗੁਰੂ ਜੀ ਤਾਂ ਇਹੋ ਕੁਝ ਹੀ ਚਾਹੁੰਦੇ ਸਨ। ਉਨ੍ਹਾਂ ਨੇ ਮਿੱਠੇ ਅਤੇ ਦੀਰਘ ਦਲੀਲ ਤੇ ਵਿਚਾਰ-ਭਰੇ ਬਚਨਾਂ ਨਾਲ ਪੰਡਤਾਂ, ਵਿਦਵਾਨਾਂ ਦੇ ਪ੍ਰਸ਼ਨਾਂ ਦੇ ਉਤਰ ਦਿੱਤੇ ਅਤੇ ਉਨ੍ਹਾਂ ਦੇ ਸ਼ੱਕ ਤੇ ਭਰਮ ਦੂਰ ਕੀਤੇ। ਮਾਸ ਦੇ ਝਗੜੇ ਬਾਰੇ ਗੁਰੂ ਜੀ ਨੇ ਖਾਸ ਤੌਰ 'ਤੇ ਆਪਣੇ ਵਿਚਾਰ ਸ਼ਬਦਾਂ ਦੇ ਰੂਪ ਵਿੱਚ ਪ੍ਰਗਟ ਕਰ ਕੇ ਉਨ੍ਹਾਂ ਦੀ ਵਿਆਖਿਆ ਕੀਤੀ। ਆਪ ਨੇ ਕਿਹਾ, ਮਾਸ ਬਾਰੇ ਭਰਮ ਤੇ ਝਗੜੇ ਫਜ਼ੂਲ ਹਨ। ਇਸ ਸਬੰਧ ਵਿੱਚ ਪਾਪ-ਪੁੰਨ ਦਾ ਸਵਾਲ ਹੀ ਬੇਲੋੜਾ ਤੇ ਵਾਧੂ ਹੈ। ਜੇ ਮਾਸ ਲਈ ਜੀਵਾਂ ਨੂੰ ਮਾਰਨਾ ਪਾਪ ਹੈ ਅਤੇ ਇਸ ਕਰ ਕੇ ਮਾਸ ਖਾਣਾ ਪਾਪ ਹੈ ਤਾਂ ਸਾਗ, ਭਾਜੀ ਲਈ ਰੁੱਖਾਂ, ਬੂਟਿਆਂ ਨੂੰ ਵੀ ਪੁੱਟਣਾ ਤੋੜਨਾ ਪਾਪ ਹੈ, ਉਨ੍ਹਾਂ ਵਿੱਚ ਵੀ ਜਿੰਦ ਹੈ, ਉਹ ਵੀ ਦੁੱਖ-ਸੁਖ ਅਤੇ ਮੌਤ ਨੂੰ ਮਹਿਸੂਸ ਕਰਦੇ ਹਨ ਅਤੇ ਪੀੜ ਮਨਾਉਂਦੇ ਹਨ। ਅੰਨ, ਜਲ, ਸਾਗ, ਸਬਜ਼ੀ, ਫਲ, ਦੁੱਧ ਆਦਿ ਸਭ ਵਿੱਚ ਅਨੇਕਾਂ ਜੀਵ ਹਨ। ਇਨ੍ਹਾਂ ਸ਼ੈਆਂ ਨੂੰ ਖਾ-ਪੀਕੇ ਵੀ ਅਸੀਂ ਜੀਵ-ਹੱਤਿਆ ਹੀ ਕਰਦੇ ਹਾਂ। ਜੀਉਂਦੇ ਰਹਿਣ ਦੀ ਖਾਤਰ ਪੈਰ-ਪੈਰ ਅਤੇ ਪਲ-ਪਲ ਉਤੇ ਅਸੀਂ ਜੀਵ ਹੱਤਿਆ ਕਰਦੇ ਹਾਂ। ਕੁਦਰਤ ਨੇ ਖੇਡ ਹੀ ਅਜਿਹੀ ਰਚੀ ਹੈ। ਸਾਡਾ ਕੀ ਵੱਸ ?

'ਪਰ ਧਰਮ ਉਪਰ ਤੁਰਨ ਵਾਲੇ ਬੰਦੇ ਜੀਉਣ ਦੀ ਖਾਤਰ ਖਾਂਦੇ ਹਨ, ਖਾਣ ਦੀ ਖ਼ਾਤਰ ਨਹੀਂ ਜੀਉਂਦੇ। ਉਹ ਇਹੋ



ਜਿਹੀਆਂ ਬਰੀਕੀਆਂ ਵਿੱਚ ਨਹੀਂ ਪੈਂਦੇ। ਖਾਣ-ਪੀਣ ਆਦਿ ਬਾਰੇ ਤਾਂ ਮੇਰੀ ਜਾਚੇ ਸੁਨਹਿਰੀ ਅਸੂਲ ਇਹ ਹੈ ਕਿ ਕੋਈ ਅਜਿਹੀ ਸ਼ੈ ਨਾ ਖਾਧੀ-ਪੀਤੀ ਜਾਂ ਵਰਤੀ ਜਾਵੇ, ਜਿਸ ਕਰ ਕੇ ਤਨ (ਸਰੀਰ) ਵਿੱਚ ਪੀੜ, ਰੋਗ ਜਾਂ ਖਰਾਬੀ ਪੈਦਾ ਹੋਵੇ ਜਾਂ ਜਿਸ ਨਾਲ ਮਨ ਵਿੱਚ ਬੁਰੇ ਖਿਆਲ ਤੇ ਮੰਦੀਆਂ ਰੁਚੀਆਂ ਨਾ ਪੈਦਾ ਹੋਣ।[1]

ਨਾਲੇ ਤੁਹਾਡੇ ਧਰਮ-ਸ਼ਾਸਤਰਾਂ ਤੇ ਰਿਸ਼ੀਆਂ-ਮੁਨੀਆਂ ਨੇ ਮਾਸ ਦੀ ਮਨਾਹੀ ਨਹੀਂ ਕੀਤੀ। ਇਹ ਵੀ ਮੰਨਿਆ ਜਾਂਦਾ ਹੈ ਕਿ ਤੁਹਾਡੇ ਦੇਵਤਿਆਂ ਦਾ ਸੁਭਾਅ ਮਾਸ 'ਤੇ ਰੀਝਣਾ ਹੈ, ਇਸ ਲਈ ਜੱਗਾਂ ਹੋਰਾਂ ਸਮੇਂ ਉਨ੍ਹਾਂ ਨੂੰ ਗੈਂਡੇ ਦੇ ਮਾਸ ਦੀ ਅਹੂਤੀ ਦਿੱਤੀ ਜਾਂਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਤੁਹਾਨੂੰ ਸੂਝ ਹੀ ਨਹੀਂ ਕਿ ਮਾਸ ਕੀ ਸ਼ੈ ਹੈ, ਇਹ ਕਿਥੋਂ ਪੈਦਾ ਹੁੰਦਾ ਹੈ। ਇਸ ਕਰ ਕੇ ਮਾਸ ਦੇ ਝਗੜੇ ਉਹ ਹੀ ਕਰਦੇ ਹਨ ਜਿਨ੍ਹਾਂ ਨੂੰ ਗਿਆਨ ਦੀ ਸੋਝੀ ਹੀ ਨਹੀਂ ਹੁੰਦੀ। ਛੱਡੋ ਇਨ੍ਹਾਂ ਝਗੜਿਆਂ ਨੂੰ। ਧਰਮ ਇਨ੍ਹਾਂ ਗੱਲਾਂ ਵਿੱਚ ਨਹੀਂ। ਧਰਮ ਉਚੇ-ਸੁੱਚੇ ਜੀਵਨ ਦੀ ਜਾਚ ਦੱਸਦਾ ਹੈ। ਆਓ, ਤੁਹਾਨੂੰ ਮੈਂ ਸਮਝਾਵਾਂ ਕਿ ਧਰਮ ਕੀ ਸ਼ੈ ਹੈ[2] ?

ਗੁਰੂ ਜੀ ਨੇ ਆਪਣੇ ਬਚਨਾਂ ਨਾਲ ਸਭ ਦੀ ਨਿਸ਼ਾ ਕੀਤੀ। ਨਾਨੂੰ ਪੰਡਤ ਤੇ ਹੋਰ ਵਿਦਵਾਨਾਂ ਦੇ ਆਮ ਜੁੜੇ ਲੋਕਾਂ ਦੇ ਸਭ ਭਰਮ ਦੂਰ ਹੋਏ। ਨਾਨੂੰ ਪੰਡਤ ਅਤੇ ਹੋਰ ਬਹੁਤ ਸਾਰੇ ਗੁਰੂ ਜੀ ਦੇ ਸਿੱਖ ਬਣੇ।

✯ ✯ ✯

*੧ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਪੰਨਾ ੧੬)*

*੨ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ... ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ... ਮਾਸੁ ਪੁਰਾਣੀ ਮਾਸੁ ਕਤੇਬਾਂ ਚਹੁ ਜੁਗਿ ਮਾਸੁ ਕਮਾਣਾ ॥ ... ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ (ਪੰਨਾ ੧੨੮੯)*

## ਕਾਂਡ ੧੩

# ਪਹਿਲੀ ਉਦਾਸੀ ਪੂਰਬ ਦੀ-੨

ਕੁਰਸ਼ੇਤਰ ਤੋਂ ਤੁਰ ਕੇ ਪਾਨੀਪਤ ਆਦਿ ਤੋਂ ਹੁੰਦੇ ਹੋਏ ਗੁਰੂ ਜੀ ਹਰਦੁਆਰ ਪੁੱਜੇ । ਓਥੇ ਉਸ ਸਮੇਂ ਬਹੁਤ ਸਾਰੇ ਹਿੰਦੂ ਗੰਗਾ ਜੀ ਵਿੱਚ ਇਸ਼ਨਾਨ ਕਰ ਕੇ ਆਪਣੇ ਕਮਾਏ ਪਾਪਾਂ ਤੋਂ ਸਾਫ ਹੋਣ ਲਈ ਪਹੁੰਚੇ ਹੋਏ ਸਨ । ਹਰਦੁਆਰ ਪੁੱਜ ਕੇ ਗੁਰੂ ਜੀ ਨੇ ਸਿੱਖੀ ਪ੍ਰਚਾਰ ਲਈ ਆਪਣਾ ਹੀ ਅਨੋਖਾ ਤੇ ਅਸਰਦਾਰ ਤਰੀਕਾ ਵਰਤਿਆ ।

ਗੁਰੂ ਜੀ ਨੇ ਵੇਖਿਆ ਕਿ ਲੋਕ ਗੰਗਾ ਵਿੱਚ ਖੜੇ ਕੇ ਚੜ੍ਹਦੇ ਪਾਸੇ ਨੂੰ ਮੂੰਹ ਕਰ ਕੇ ਸੂਰਜ ਵੱਲ ਨੂੰ ਪਾਣੀ ਸੁੱਟ ਰਹੇ ਹਨ । ਪੁੱਛਣ 'ਤੇ ਉਨ੍ਹਾਂ ਨੇ ਦੱਸਿਆ, 'ਅਸੀਂ ਪ੍ਰਲੋਕ ਵਿੱਚ ਜਾ ਚੁੱਕੇ ਆਪਣੇ ਪਿੱਤਰਾਂ ਜਾਂ ਵੱਡੇ-ਵਡੇਰਿਆਂ ਨੂੰ ਪਾਣੀ ਦੇ ਰਹੇ ਹਾਂ ।'

ਇਹ ਗੱਲ ਸੁਣ ਕੇ ਗੁਰੂ ਜੀ ਨੇ ਨਾ ਕੋਈ ਦਲੀਲਬਾਜ਼ੀ ਹੀ ਕੀਤੀ ਅਤੇ ਨਾ ਹੀ ਕੋਈ ਬਹਿਸ ਹੀ ਛੇੜੀ ਸਗੋਂ ਗੰਗਾ ਵਿੱਚ ਵੜ ਕੇ ਲਹਿੰਦੇ ਵੱਲ ਮੂੰਹ ਕਰ ਕੇ, ਉਹ ਓਧਰ (ਪੱਛਮ ਵੱਲ) ਨੂੰ ਛੇਤੀ ਛੇਤੀ ਬੁੱਕ ਭਰ-ਭਰ ਕੇ ਪਾਣੀ ਸੁੱਟਣ ਲੱਗ ਪਏ । ਇਹ ਅਨੋਖਾ ਹੀ ਕੰਮ ਸੀ । ਲੋਕ ਉਨ੍ਹਾਂ ਦੇ ਉਦਾਲੇ ਆ ਜੁੜੇ ਤੇ ਪੁੱਛਣ ਲੱਗੇ, 'ਇਹ ਕੀ ਕਰਦੇ ਹੋ ?'

ਗੁਰੂ ਜੀ– 'ਪੰਜਾਬ ਵਿੱਚ ਔੜ ਲੱਗੀ ਹੋਈ ਹੈ, ਜਿਸ ਨਾਲ ਮੇਰੀ ਖੇਤੀ ਮਾਰੀ ਜਾ ਰਹੀ ਹੈ, ਉਸ ਨੂੰ ਪਾਣੀ ਦੇ ਰਿਹਾ ਹਾਂ !'

ਇਹ ਉਤਰ ਸੁਣ ਕੇ ਲੋਕੀਂ ਹੱਸ ਪਏ ਅਤੇ ਕਹਿਣ ਲੱਗੇ, 'ਭੋਲੇ ਪਾਤਸ਼ਾਹ ! ਇਹ ਪਾਣੀ ਪੰਜਾਬ ਵਿਚਲੀ ਸੈਂਕੜੇ ਮੀਲ ਦੂਰ ਪੈਲੀ ਤੀਕ ਕਿਵੇਂ ਅੱਪੜ ਸਕਦਾ ਹੈ ?



ਗੁਰੂ ਜੀ-- 'ਜਿਵੇਂ ਤੁਹਾਡਾ ਡੱਟਿਆ ਪਾਣੀ ਪਿਤਰ-ਲੋਕ ਵਿੱਚ ਜਾ ਪੁੱਜਦਾ ਹੈ । ਭੋਲਿਓ ਲੋਕੋ ! ਜੇ ਮੇਰਾ ਪਾਣੀ ਇਥੇ ਡੇਢ ਦੋ ਸੌ ਮੀਲ 'ਤੇ ਇਸ ਧਰਤੀ ਉਪਰਲੀ ਖੇਤੀ ਤੀਕ ਨਹੀਂ ਪਹੁੰਚ ਸਕਦਾ । ਤਾਂ ਤੁਹਾਡਾ ਡੱਟਿਆ ਪਾਣੀ ਪਿਤਰ ਲੋਕ ਤੀਕ ਕਿਵੇਂ ਪੁੱਜੇਗਾ ?'

ਇਹ ਗੱਲ ਸੁਣ ਕੇ ਸਭ ਲੋਕ ਨਿਰੁੱਤਰ ਹੋ ਗਏ । ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ । ਫੇਰ ਗੁਰੂ ਜੀ ਨੇ ਬਹਿ ਕੇ ਪ੍ਰੇਮ ਨਾਲ ਉਨ੍ਹਾਂ ਨੂੰ ਸੱਚੇ ਧਰਮ ਦੇ ਅਸਲੀ ਅਸੂਲ ਦੱਸੇ । ਬਹੁਤ ਸਾਰੇ ਲੋਕਾਂ ਨੇ ਭਰਮਾਂ ਵਹਿਮਾਂ ਵਾਲੇ ਕੰਮ ਤਿਆਗ ਕੇ ਗੁਰੂ ਜੀ ਦੀ ਸਿੱਖੀ ਧਾਰਨ ਕੀਤੀ ।

ਹਰਦੁਆਰ ਤੋਂ ਹੋਰ ਅਗਾਂਹ ਚੱਲ ਕੇ ਗੁਰੂ ਜੀ ਉਤਰ-ਪ੍ਰਦੇਸ ਵਿੱਚ ਪੀਲੀਭੀਤ ਦੇ ਪਾਸ ਗੋਰਖ ਮਤੇ ਪਹੁੰਚੇ । ਉਥੇ ਉਨ੍ਹਾਂ ਦੀ ਧਰਮ ਬਾਰੇ ਸਿੱਧਾਂ ਨਾਲ ਚਰਚਾ ਹੋਈ। ਸਿੱਧ ਹਾਰ ਗਏ । ਉਸ ਸਮੇਂ ਤੋਂ ਗੁਰੂ ਜੀ ਦੀ ਇਸ ਜਿੱਤ ਦਾ ਸਦਕਾ ਉਸ ਥਾਂ ਦਾ ਨਾਂ ਨਾਨਕ ਮਤਾ ਪੈ ਗਿਆ । ਉਥੋਂ ਆਪ ਮਥੁਰਾ ਆਦਿ ਤੋਂ ਹੁੰਦੇ ਹੋਏ ਕਾਸ਼ੀ (ਬਨਾਰਸ) ਪਹੁੰਚੇ । ਉਸ ਥਾਂ ਆਪ ਦੀ ਪੰਡਤ ਚਤੁਰ ਦਾਸ ਨਾਲ ਬੁੱਤ ਪੂਜਾ ਤੇ ਹੋਰ ਸਬੰਧਤ ਮਸਲਿਆਂ ਬਾਰੇ ਚੋਖੀ ਲੰਮੀ ਚਰਚਾ ਹੋਈ । ਚਤੁਰਦਾਸ ਨੂੰ ਯਕੀਨ ਹੋ ਗਿਆ ਕਿ ਵਾਹਿਗੁਰੂ ਘਟ ਵਿੱਚ (ਅਰਥਾਤ ਹਰੇਕ ਮਨੁੱਖੀ ਹਿਰਦੇ ਵਿੱਚ) ਵਸਦਾ ਹੈ ਅਤੇ ਨਾਮ ਰਾਹੀਂ ਉਸ ਦੀ ਪ੍ਰਾਪਤੀ ਹੋ ਸਕਦੀ ਹੈ । ਚਤੁਰਦਾਸ ਤੇ ਹੋਰ ਬਹੁਤ ਸਾਰੇ ਗੁਰੂ ਜੀ ਦੇ ਸਿੱਖ ਬਣੇ ।* ਗੁਰੂ ਜੀ ਨੇ ਉਸ ਨੂੰ ਬਨਾਰਸ ਦੀ ਸੰਗਤ ਦਾ ਮੁਖੀ ਆਗੂ' ਅਤੇ ਉਸ ਥਾਂ ਸਿੱਖੀ ਦੇ ਪ੍ਰਚਾਰ ਲਈ ਪ੍ਰਚਾਰਕ ਥਾਪਿਆ ।

ਓਥੋਂ ਤੁਰ ਕੇ ਗਯਾ ਵਿੱਚ ਦੀ ਹੁੰਦੇ ਹੋਏ ਗੁਰੂ ਜੀ ਪਟਨੇ

*ਉਸ ਥਾਂ ਮਗਰੋਂ ਗੁਰਦੁਆਰਾ ਗੁਰੂ ਕਾ ਬਾਗ ਬਣਿਆ ।

ਪੁੱਜੇ । ਉਸ ਥਾਂ ਆਪ ਨੇ ਸਾਲਿਸ ਰਾਏ ਜੌਹਰੀ ਨੂੰ ਸਿੱਖ ਬਣਾ ਕੇ ਉਸ ਥਾਂ ਦਾ ਪ੍ਰਚਾਰਕ ਥਾਪਿਆ । ਉਸ ਤੋਂ ਅਗਾਂਹ ਆਪ ਕਾਮਰੂਪ (ਆਸਾਮ) ਵਿੱਚ ਪੁੱਜੇ । ਉਥੇ ਨੂਰ ਸ਼ਾਹ ਜਿਹੀਆਂ ਟੂਣੇਹਾਰ ਸੁੰਦਰੀਆਂ ਨੇ ਆਪ ਨੂੰ ਮੋਹਣਾ ਤੇ ਛਲਣਾ ਚਾਹਿਆ, ਪਰ ਆਪ ਨੇ ਉਨ੍ਹਾਂ ਨੂੰ ਕੁਰਾਹੋਂ ਹਟਾ ਕੇ ਉਚੇ-ਸੁੱਚੇ ਜੀਵਨ ਦੀ ਜਾਚ ਦੱਸੀ । ਹੋਰ ਅਗਾਂਹ ਚੱਲ ਕੇ ਗੁਰੂ ਜੀ ਢਾਕੇ ਤੀਕ ਪਹੁੰਚੇ ।

ਢਾਕੇ ਤੋਂ ਹੋ ਕੇ ਗੁਰੂ ਜੀ ਚੌਬੀਹ ਪਰਗਨਾ ਵਿੱਚ ਦੀ ਲੰਘ ਕੇ ਕਟਕ ਅੱਪੜੇ । ਉਥੋਂ ਅਗਾਂਹ ਪੁਰੀ ਜਗਨ-ਨਾਥ ਜਾ ਪਹੁੰਚੇ ਉਥੇ ਵੀ ਆਪ ਨੇ ਲੋਕਾਂ ਨੂੰ ਭਰਮਾਂ-ਵਹਿਮਾਂ ਤੇ ਪੂਜਾ ਦੇ ਗਲਤ ਢੰਗਾਂ ਤੋਂ ਹਟਾ ਕੇ ਸੱਚੇ ਧਰਮ ਦੇ ਰਾਹ 'ਤੇ ਲਿਆਉਣ ਲਈ ਅਨੋਖਾ ਹੀ ਢੰਗ ਵਰਤਿਆ ।

ਮੰਦਰ ਦੇ ਪੁਜਾਰੀ ਮੋਤੀਆਂ ਜੜੇ ਥਾਲ ਵਿੱਚ ਬਲਦੇ ਦੀਵੇ, ਧੁਖਦੇ ਧੂਪ, ਫੁੱਲ ਆਦਿ ਰੱਖ ਕੇ ਦੇਵਤਿਆਂ ਦੀ ਆਰਤੀ ਕਰਨ ਲੱਗੇ । ਲੋਕ ਸਾਰੇ ਖੜੇ ਹੋ ਗਏ । ਪਰ ਗੁਰੂ ਜੀ ਆਪਣੀ ਮੌਜ ਵਿੱਚ ਬੈਠੇ ਰਹੇ । ਆਰਤੀ ਮਗਰੋਂ ਲੋਕਾਂ ਨੇ, ਜਿਨ੍ਹਾਂ ਵਿੱਚ ਪੁਜਾਰੀ ਤੇ ਕਈ ਵਿਦਵਾਨ ਵੀ ਸਨ, ਆਪ ਨੂੰ ਪੁੱਛਿਆ ਕਿ ਤੁਸੀਂ ਆਰਤੀ ਵਿੱਚ ਸ਼ਾਮਲ ਕਿਉਂ ਨਹੀਂ ਹੋਏ ? ਗੁਰੂ ਜੀ ਨੇ ਉਤਰ ਦਿੱਤਾ, ਇਹ ਆਰਤੀ ਝੂਠੀ ਸੀ । ਅਸੀਂ ਅਕਾਲ ਪੁਰਖ ਦੀ ਅਸਲੀ ਆਰਤੀ ਵਿੱਚ ਸ਼ਾਮਲ ਸਾਂ ।

ਲੋਕੀਂ– ਉਹ ਕਿਹੜੀ ?

ਗੁਰੂ ਜੀ ਨੇ ਇਸ ਮੌਕੇ ਉਤੇ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ' ਧਨਾਸਰੀ ਰਾਗ ਦਾ ਸ਼ਬਦ ਉਚਾਰਿਆ ਅਤੇ ਉਸ ਦੀ ਵਿਆਖਿਆ ਕਰ ਕੇ ਲੋਕਾਂ ਨੂੰ ਸ੍ਰਿਸ਼ਟੀ ਦੇ ਸਿਰਜਣਹਾਰ ਦੀ ਕੁਦਰਤ ਵਿੱਚ ਹਰ ਵੇਲੇ ਹੋ ਰਹੀ



ਅਸਲੀ ਆਰਤੀ ਦੇ ਅਰਥ ਸਮਝਾਏ ਤੇ ਸੋਝੀ ਕਰਾਈ । ਆਪ ਨੇ ਕਿਹਾ, 'ਪੁਰਖੋ ! ਅਸਮਾਨ ਥਾਲ ਹੈ, ਸੂਰਜ ਤੇ ਚੰਦ ਉਸ ਵਿੱਚ ਦੀਵੇ ਹਨ ਤੇ ਅਣਗਿਣਤ ਤਾਰੇ ਉਸ ਵਿੱਚ ਮੋਤੀ ਹਨ, ਸੁਗੰਧੀ ਵਾਲੇ ਫੁੱਲ ਤੇ ਰੁੱਖ ਸਭ ਧੂਪ ਹਨ, ਪੌਣ ਚੌਰ ਕਰ ਰਹੀ ਹੈ । ਇਸ ਤਰ੍ਹਾਂ ਕੁਦਰਤ ਵਿੱਚ ਪਰਮਾਤਮਾ ਦੀ ਆਰਤੀ ਦਿਨੇ ਰਾਤ ਹੋ ਰਹੀ ਹੈ, ਤੁਸੀਂ ਵੀ ਇਸ ਆਰਤੀ ਵਿੱਚ ਸ਼ਾਮਲ ਹੋਇਆ ਕਰੋ । ਪਰਮਾਤਮਾ ਦੇ ਕੌਤਕ ਨੂੰ ਵੇਖੋ, ਵਿਸਮਾਦ ਦੇ ਘਰ ਜਾ ਕੇ ਉਸ ਦਾ ਜਸ ਕਰੋ, ਨਾਮ ਜਪੋ ਅਤੇ ਸੱਚੇ ਧਰਮ ਦਾ ਜੀਵਨ ਗੁਜ਼ਾਰੋ ।

ਪੁਰੀ ਜਗਨ ਨਾਥ ਤੋਂ ਵਾਪਸ ਪੰਜਾਬ ਵੱਲ ਨੂੰ ਮੁੜ ਉੜੀਸਾ ਰੁਹੇਲ ਖੰਡ ਦਾ ਚੱਕਰ ਲਾ ਕੇ, ਸੱਚ-ਧਰਮ ਦਾ ਉਪਦੇਸ਼ ਦੇਂਦੇ ਹੋਏ ਗੁਰੂ ਜੀ ਸੰਮਤ ੧੫੬੫ ਵਿੱਚ ਵਾਪਸ ਸੁਲਤਾਨਪੁਰ ਪਹੁੰਚ ਗਏ ।

ਪਹਿਲੀ ਉਦਾਸੀ ਸੰਪੂਰਨ ਹੋਈ, ਜੋ ਬਾਰਾਂ ਕੁ ਸਾਲਾਂ ਦੀ ਸੀ ।

✽ ✽ ✽

## ਕਾਂਡ ੧੪

# ਮੁੜ ਪੰਜਾਬ ਵਿੱਚ

ਕੁਝ ਚਿਰ ਸੁਲਤਾਨਪੁਰ ਠਹਿਰ ਕੇ ਗੁਰੂ ਨਾਨਕ ਦੇਵ ਜੀ ਆਪਣੇ ਮਾਪਿਆਂ, ਸੱਜਣਾਂ, ਮਿੱਤਰਾਂ ਤੇ ਸਿੱਖਾਂ ਨੂੰ ਮਿਲਣ ਲਈ ਤਲਵੰਡੀ ਗਏ । ਕੁਝ ਚਿਰ ਤਲਵੰਡੀ ਰਹਿ ਕੇ ਗੁਰੂ ਜੀ ਫੇਰ ਕਰਤਾਰ ਵਲੋਂ ਸੌਂਪੀ ਕਾਰ ਨਿਬਾਹੁਣ ਲਈ ਤੁਰ ਪਏ । ਫਿਰਦੇ-ਫਿਰਾਂਦੇ ਅਤੇ ਲੋਕਾਂ ਨੂੰ ਸਚ-ਧਰਮ ਦਾ ਉਪਦੇਸ਼ ਦੇ ਕੇ ਸਿੱਖੀ ਜੀਵਨ ਦੀ ਜਾਚ ਸਿਖਾਉਂਦੇ ਗੁਰੂ ਜੀ ਲਾਹੌਰ ਪੁੱਜੇ । ਉਸ ਥਾਂ ਇਕ ਕ੍ਰੋੜ-ਪਤੀ ਬੰਦਾ ਦੁਨੀ ਚੰਦ ਨਾਂ ਦਾ ਰਹਿੰਦਾ ਸੀ । ਉਸ ਨੇ ਆਪਣੇ ਸੁਰਗਵਾਸੀ ਪਿਤਾ ਦਾ ਸ਼ਰਾਧ ਕੀਤਾ ਅਤੇ ਗੁਰੂ ਜੀ ਨੂੰ ਵੀ ਪ੍ਰਸ਼ਾਦ ਛਕਣ ਲਈ ਆਪਣੇ ਘਰ ਸੱਦਿਆ । ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਮਰ ਗਿਆਂ ਦੇ ਨਾਂ 'ਤੇ ਬ੍ਰਾਹਮਣਾਂ ਆਦਿ ਨੂੰ ਛਕਾਇਆ ਭੋਜਨ ਅਤੇ ਮਣਸੇ ਕੱਪੜੇ ਆਦਿ ਉਨ੍ਹਾਂ ਪਿਤਰਾਂ ਨੂੰ ਪ੍ਰਲੋਕ ਵਿੱਚ ਨਹੀਂ ਪੁੱਜ ਸਕਦੇ । ਪ੍ਰਲੋਕ ਵਿੱਚ ਤਾਂ ਇਨਸਾਨ ਦੇ ਨਾਲ ਉਹ ਕੁਝ ਜਾਂਦਾ ਹੈ, ਜੋ ਉਹ ਆਪਣੀ ਜ਼ਿੰਦਗੀ ਵਿੱਚ ਮਿਹਨਤ ਨਾਲ ਖੱਟ ਕੇ, ਧਰਮ ਦੀ ਕਿਰਤ ਨਾਲ ਕਮਾ ਕੇ ਆਪਣੀ ਹੱਥੀਂ ਲੋੜਵੰਦਾਂ, ਮੁਥਾਜਾਂ ਨੂੰ ਦੇਵੇ ! ਇਸ ਤਰ੍ਹਾਂ ਵਰਤਿਆ ਵਰਤਾਇਆ ਪਦਾਰਥ ਹੀ, ਅੱਗੇ ਜਾ ਕੇ ਇਨਸਾਨ ਨੂੰ ਮਿਲਦਾ ਹੈ। ਧਨ ਨੂੰ ਅਗਲੇ ਜਹਾਨ ਨਾਲ ਲੈ ਜਾਣ ਦਾ ਢੰਗ ਇਹੋ ਹੀ ਹੈ ਕਿ ਧਰਮ ਦੀ ਕਿਰਤ ਕਰ ਕੇ ਆਪਣੀ ਖੱਟੀ ਕਮਾਈ ਨੂੰ ਵੰਡ ਕੇ ਛਕਿਆ ਜਾਵੇ ।

ਗੁਰੂ ਜੀ ਨੇ ਇਸ ਮੌਕੇ 'ਤੇ ਹੇਠਲਾ ਸ਼ਬਦ ਉਚਾਰਿਆ :



*ਜੇ ਮੋਹਾਕਾ[੧] ਘਰੁ ਮੁਹੈ[੨] ਘਰੁ ਮੁਹਿ[੩] ਪਿਤਰੀ ਦੇਇ ॥*
*ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥*
*ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥*
*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥[੪]*

ਦੁਨੀ ਚੰਦ ਗੁਰੂ ਜੀ ਦੇ ਚਰਨੀਂ ਢੱਠਾ ਤੇ ਸਿੱਖ ਹੋਇਆ । ਉਸ ਨੇ ਆਪਣਾ ਕਰੋੜਾਂ ਰੁਪਏ ਦਾ ਧਨ-ਮਾਲ ਗਰੀਬਾਂ-ਲੋੜਵੰਦਾਂ ਵਿੱਚ ਵੰਡ ਦਿੱਤਾ, ਆਪਣੇ ਘਰ ਨੂੰ ਉਸ ਨੇ ਧਰਮਸ਼ਾਲਾ ਬਣਾਇਆ ਅਤੇ ਲੱਗਾ 'ਨਾਮ ਜਪਣ ਕਿਰਤ ਕਰਨ ਅਤੇ ਵੰਡ ਕੇ ਛਕਣ' ਦਾ ਜੀਵਨ ਗੁਜ਼ਾਰਨ ।

ਗੁਰੂ ਜੀ ਨੇ ਹੁਣ ਫੇਰ ਧਰਮ-ਲੋਕਾਈ ਨੂੰ ਸੋਧਣ ਅਤੇ ਜਗਤ-ਜਲੰਦੇ ਨੂੰ ਠੰਡ ਪਾਉਣ ਲਈ ਦੂਜੀ ਵੇਰ ਲੰਮੇ ਸਫਰ 'ਤੇ ਜਾਣ ਜਾਂ ਦੂਜੀ ਉਦਾਸੀ 'ਤੇ ਚੜ੍ਹਨ ਦਾ ਇਰਾਦਾ ਕੀਤਾ ।

ਆਪ ਦੇ ਮਹਲ ਅਤੇ ਦੋਵੇਂ ਸਾਹਿਬਜ਼ਾਦੇ ਆਪ ਦੇ ਸਹੁਰੇ ਘਰ, ਪੱਖੋਕੇ ਰਹਿੰਦੇ ਸਨ । ਆਪ ਨੇ ਫੈਸਲਾ ਕੀਤਾ ਕਿ ਦੂਜੀ ਉਦਾਸੀ ਅਰੰਭਣ ਤੋਂ ਪਹਿਲਾਂ ਉਨ੍ਹਾਂ ਲਈ ਆਪਣਾ ਘਰ ਟਿਕਾਣਾ ਬਣਾ ਦਿੱਤਾ ਜਾਵੇ ।

ਮਨ ਵਿੱਚ ਇਹ ਇਰਾਦਾ ਧਾਰ ਕੇ ਗੁਰੂ ਜੀ ਲਾਹੌਰੋਂ ਤੁਰ ਪਏ ਤੇ ਰਾਵੀ ਦੇ ਸੱਜੇ ਕੰਢੇ ਦੇ ਨਾਲ-ਨਾਲ ਹੋ ਤੁਰੇ । ਨਾਮ-ਦਾਨ ਦੇ ਗੱਫੇ ਵਰਤਾਉਂਦੇ ਹੋਏ ਗੁਰੂ ਜੀ ਇਕ ਸੋਹਣੀ ਰਮਣੀਕ ਥਾਂ 'ਤੇ ਜਾ ਟਿਕੇ । ਇਸ ਥਾਂ ਤੋਂ ਨੇੜੇ ਹੀ ਰਾਵੀ ਦੇ ਦੂਜੇ ਪਾਰ ਆਪ ਜੀ ਦਾ ਸਹੁਰਾ ਪਿੰਡ ਸੀ । ਆਪ ਨੇ ਇਸ ਥਾਂ ਨਗਰ ਵਸਾਉਣ ਦਾ ਫੈਸਲਾ ਕੀਤਾ । ਇਸ ਇਲਾਕੇ ਦਾ ਮਾਲਕ ਲਾਹੌਰ ਦਾ ਇਕ ਮੁਸਲਮਾਨ ਵਸਨੀਕ, ਕਰੋੜੀਆ ਸੀ । ਪਹਿਲਾਂ ਤਾਂ ਉਸ ਨੇ ਗੁਰੂ

---

੧ ਚੋਰ । ੨ ਚੁਰਾਵੇ । ੩ ਚੁਰਾ ਕੇ । ੪ ਵਾਰ ਆਸਾ ਮਹਲਾ ੧ ਪੰਨਾ ੪੭੨।

ਜੀ ਨੂੰ ਏਥੋਂ ਉਠਾ ਦੇਣ ਦੀ ਨੀਤੀ ਧਾਰੀ ਪਰ ਉਨ੍ਹਾਂ ਦੇ ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਉਹ ਉਨ੍ਹਾਂ ਦੀ ਚਰਨੀਂ ਢੱਠਾ, ਸਿੱਖ ਬਣਿਆ ਅਤੇ ਉਸ ਨੇ ਆਪ ਹੀ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਇਸ ਥਾਂ ਨਗਰ ਵਸਾਓ । ਇਹ ਭੋਂ ਮੈਂ ਆਪ ਦੀ ਭੇਟ ਕਰਦਾ ਹਾਂ ।'

ਗੁਰੂ ਜੀ ਨੇ ਇਹ ਗੱਲ ਮੰਨ ਲਈ । ਉਸ ਥਾਂ ਆਪ ਨੇ ਇਕ ਨਗਰ ਵਸਾਇਆ, ਜਿਸ ਦਾ ਨਾਂ ਆਪ ਨੇ 'ਕਰਤਾਰਪੁਰ' ਰੱਖਿਆ । ਕੁਝ ਚਿਰ ਆਪ ਇਸ ਥਾਂ ਟਿਕੇ । ਗੁਰੂ ਜੀ ਦੇ ਪਿਤਾ ਜੀ ਵੀ ਪ੍ਰਵਾਰ ਸਹਿਤ ਏਥੇ ਆ ਗਏ ਗੁਰੂ ਜੀ ਨੇ ਉਦਾਸੀ ਵਾਲਾ ਬਾਣਾ ਲਾਹ ਕੇ ਫੇਰ ਜਗਿਆਸੂਆਂ ਵਾਲਾ ਪਹਿਰਾਵਾ ਕਰ ਲਿਆ। ਜਿਹੜੇ ਸਿੱਖੀ ਜੀਵਨ ਦੇ ਅਸੂਲਾਂ ਤੇ ਰਹਿਤ ਦਾ ਆਪ ਪ੍ਰਚਾਰ ਕਰਦੇ ਰਹੇ ਸਨ, ਹੁਣ ਆਪ ਨੇ ਉਸ ਸਭ ਕਾਸੇ ਨੂੰ ਵਰਤੋਂ ਵਿੱਚ ਲਿਆ ਕੇ ਵਿਖਾਉਣਾ ਅਰੰਭਿਆ । ਆਪ ਅਜਿਹਾ ਜੀਵਨ ਗੁਜਾਰਨ ਲੱਗ ਪਏ ਜਿਹੜਾ ਉਨ੍ਹਾਂ ਨੇਮਾਂ ਅਸੂਲਾਂ ਦੇ ਸੱਚੇ ਵਿੱਚ ਢਲਿਆ ਢਾਲਿਆ ਹੋਇਆ ਸੀ । ਆਪ ਨੇ 'ਕਿਰਤ ਕਰਨ, ਨਾਮ ਜਪਣ ਤੇ ਜਪਾਉਣ ਅਤੇ ਵੰਡ ਕੇ ਛਕਣ' ਵਾਲੇ ਜੀਵਨ ਦਾ ਨਮੂਨਾ ਪੇਸ਼ ਕੀਤਾ । ਆਪ ਨੇ ਲੋਕਾਂ ਦੇ ਸਰੀਰਾਂ ਲਈ ਅੰਨ-ਪਾਣੀ ਤੇ ਦੁੱਧ ਮੱਖਣ ਦਾ ਅਤੇ ਉਨ੍ਹਾਂ ਦੀਆਂ ਆਤਮਾਵਾਂ ਲਈ ਹਰੀ ਨਾਮ ਦਾ ਸਦਾ ਵਰਤ ਲਾ ਦਿੱਤਾ ।

✯ ✯ ✯



## ਕਾਂਡ ੧੫
# ਦੂਜੀ ਉਦਾਸੀ ਦੱਖਣ ਦੀ
## (ਸੰਮਤ ੧੫੬੭ ਤੋਂ ੧੫੭੨)

ਕੁਝ ਸਮਾਂ ਕਰਤਾਰਪੁਰ ਰਹਿ ਕੇ ਸਿੱਖੀ ਜੀਵਨ ਦੇ ਪੂਰਨੇ ਪਾ ਕੇ ਗੁਰੂ ਜੀ ਦੂਜੀ ਉਦਾਸੀ 'ਤੇ ਚੜ੍ਹੇ । ਇਹ ਉਦਾਸੀ ਸੰਮਤ ੧੫੬੭ ਵਿੱਚ ਸ਼ੁਰੂ ਹੋਈ । ਇਸ ਵਿੱਚ ਆਪ ਦੱਖਣ ਵੱਲ ਨੂੰ ਗਏ। ਇਸ ਵੇਰ ਵੀ ਆਪ ਦਾ ਲਿਬਾਸ ਅਨੋਖਾ ਸੀ । *'ਪੈਰੀਂ ਖੜਾਵਾਂ ਕਾਠ ਦੀਆਂ, ਹੱਥ ਆਸਾ, ਸਿਰ ਬਾਹਾਂ ਤੇ ਜੰਘਾਂ ਪੁਰ ਰੱਸੇ ਲਪੇਟੇ, ਮਥੈ ਟਿਕਾ ਬਿੰਦਲੀ ਕਾ*।'* ਦੋ ਸਿੱਖ ਭਾਈ ਸੈਦੋ ਤੇ ਭਾਈ ਸ਼ੀਂਹਾ, ਆਪ ਦੇ ਨਾਲ ਸਨ । ਭਾਈ ਮਰਦਾਨੇ ਨੂੰ ਹੁਕਮ ਹੋਇਆ ਕਿ ਤੂੰ ਕਰਤਾਰਪੁਰ ਰਹਿ ਕੇ ਸੰਗਤਾਂ ਨੂੰ ਗੁਰੂ ਸ਼ਬਦ ਦਾ ਹਰੀ-ਕੀਰਤਨ ਕਰ ਕੇ ਸੁਣਾਇਆ ਕਰ । ਇਸ ਉਦਾਸੀ ਵਿੱਚ ਆਪ ਜੈਨੀਆਂ, ਬੋਧੀਆਂ, ਜੋਗੀਆਂ ਤੇ ਮੁਸਲਮਾਨ ਫਕੀਰਾਂ ਦੇ ਪ੍ਰਸਿੱਧ ਅੱਡਿਆਂ 'ਤੇ ਪੁੱਜੇ, ਉਨ੍ਹਾਂ ਨੂੰ ਪਰਮਾਤਮਾ ਦੀ ਭਗਤੀ ਦਾ ਠੀਕ ਰਾਹ ਦੱਸਿਆ ਤੇ ਸਿੱਖੀ ਜੀਵਨ ਦੇ ਰਾਹੇ ਪਾਇਆ ।

ਸਰਸਾ ਤੇ ਅਜਮੇਰ– ਕਰਤਾਰਪੁਰੋਂ ਚੱਲ ਕੇ ਆਪ ਧਰਮਕੋਟ, ਭਟਨੇਰ, ਬਠਿੰਡੇ ਆਦਿ ਥਾਈਂ ਹੁੰਦੇ ਹੋਏ ਅਤੇ ਹਰ ਥਾਂ ਲੋਕਾਂ ਦੇ ਮਨਾਂ ਵਿੱਚ ਸੱਚ-ਧਰਮ ਤੇ ਸਤਿਨਾਮ ਦੀ ਜੋਤ ਜਗਾਉਂਦੇ ਹੋਏ ਗੁਰੂ ਜੀ ਸਰਸੇ ਪੁੱਜੇ । ਏਥੇ ਮੁਸਲਮਾਨ ਸੂਫੀ ਫਕੀਰਾਂ ਦੇ ਪ੍ਰਚਾਰ ਦਾ ਅੱਡਾ ਸੀ । ਇਹ ਫਕੀਰ ਕਠਨ ਤਪ ਸਾਧ ਕੇ ਕਰਾਮਾਤਾਂ ਦੇ ਵਿਖਾਵੇ ਕਰ ਕੇ ਅਤੇ ਜਾਦੂ-ਟੂਣਿਆਂ ਰਾਹੀਂ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਦੇ ਢਕਵੰਜ ਰਚਾ ਕੇ, ਲੋਕਾਂ ਨੂੰ ਆਪਣੇ ਮਗਰ ਲਾਉਂਦੇ, ਹਿੰਦੂਆਂ ਨੂੰ ਮੁਸਲਮਾਨ ਬਣਾਉਂਦੇ

*ਪੁਰਾਤਨ ਜਨਮ ਸਾਖੀ

ਅਤੇ ਆਮ ਜਨਤਾ ਨੂੰ ਕੁਰਾਹੇ ਪਾਉਂਦੇ ਸਨ । ਉਨ੍ਹਾਂ ਦੇ ਮੁਖੀ ਜਾਂ ਆਗੂ ਖਵਾਜ਼ਾ ਅਬਦੁੱਲ ਸ਼ਕੂਰ ਅਤੇ ਪੀਰ ਬਹਾਵਲ ਹਕ ਸਨ ।

ਲੋਕਾਂ ਨੂੰ ਕੁਰਾਹੇ ਪਾਉਣ ਵਾਲੇ ਅਜਿਹੇ ਬੰਦਿਆਂ ਨੂੰ ਸੋਧਣਾ, ਉਨ੍ਹਾਂ ਦੇ ਕੁਰਾਹੇ ਪਾਊ ਪ੍ਰਚਾਰ ਦੀ ਲਹਿਰ ਨੂੰ ਬੰਦ ਕਰਨਾ ਅਤੇ ਜਨਤਾ ਨੂੰ ਉਨ੍ਹਾਂ ਦੇ ਜਾਲ ਵਿੱਚੋਂ ਕੱਢਣਾ, ਛਡਾਉਣਾ ਗੁਰੂ ਜੀ ਦਾ ਪੱਕਾ ਨੇਮ ਸੀ । ਇਸੇ ਆਸ਼ੇ ਨਾਲ ਹੀ ਆਪ ਸਰਸੇ ਪਹੁੰਚੇ ਸਨ, ਆਪ ਨੇ ਉਨ੍ਹਾਂ ਨੂੰ ਸਮਝਾਇਆ ਕਿ ਸਰੀਰ ਨੂੰ ਵਾਧੂ ਕਸ਼ਟ ਦੇ ਦੇ ਕੇ ਨਿਕੰਮੇ ਕਰਨ ਦੇ ਥਾਂ ਇਸ ਨੂੰ ਲੋੜਵੰਦ ਲੋਕਾਂ ਦੀ ਸੇਵਾ, ਸਹਾਇਤਾ ਤੇ ਅਗਵਾਈ ਲਈ ਵਰਤਣਾ ਚਾਹੀਦਾ ਹੈ, ਧਰਮੀ ਬੰਦੇ ਨੂੰ ਦੁਨੀਆਂ ਦੇ ਵਿੱਚ ਰਹਿ ਕੇ, ਇਸ ਤੋਂ ਪਾਲਣਾ ਦੇ ਸਮਿਆਨ ਪ੍ਰਾਪਤ ਕਰ ਕੇ, ਇਸ ਤੋਂ ਉਪਰ ਰਹਿਣਾ ਚਾਹੀਦਾ ਹੈ। ਇਸ ਨੂੰ ਛੱਡ ਕੇ ਨੱਸੋ ਵੀ ਨਾ ਤੇ ਇਸ ਦੇ ਗੋਰਖ-ਧੰਧਿਆਂ ਵਿੱਚ ਫਸੋ ਵੀ ਨਾ । ਮਾਇਆ ਨੂੰ ਵਰਤੋ ਦਾਸੀ ਬਣਾ ਕੇ, ਇਸ ਨੂੰ ਆਪਣਾ ਮਾਲਕ ਨਾ ਬਣਾਓ, ਇਸ ਦੇ ਪੁਜਾਰੀ ਜਾਂ ਮਾਇਆਧਾਰੀ ਨਾ ਬਣੋ ਅਤੇ ਨਾ ਹੀ ਇਸ ਨੂੰ ਡਾਇਣ ਸਮਝ ਕੇ ਇਸ ਤੋਂ ਡਰ ਤੇ ਨਫ਼ਰਤ ਹੀ ਕਰੋ! ਦੁਨੀਆਂ ਵਿੱਚ ਰਹਿ ਕੇ ਲੋੜਵੰਦਾਂ ਦੀ ਸੇਵਾ ਕੀਤਿਆਂ ਹੀ ਰੱਬ ਖੁਸ਼ ਹੋ ਸਕਦਾ ਹੈ, ਤਪਾਂ ਅਤੇ ਇਹੋ ਜਿਹੇ ਹੋਰ ਸਾਧਨਾਂ ਨਾਲ ਨਹੀਂ ।

ਸੂਫੀ ਫਕੀਰਾਂ ਨੂੰ ਨਿਵਾਂ ਸੋਧ ਕੇ ਗੁਰੂ ਜੀ ਨੇ ਬੀਕਾਨੇਰ ਦਾ ਚੱਕਰ ਲਾਇਆ । ਉਸ ਇਲਾਕੇ ਵਿੱਚ ਉਦੋਂ ਜੈਨੀਆਂ ਦਾ ਬੜਾ ਜ਼ੋਰ ਸੀ । ਬਹੁਤ ਸਾਰੇ ਜੈਨੀ ਆਪ ਨੂੰ ਮਿਲੇ । ਇਹ ਲੋਕ ਜੀਵਾਂ ਨੂੰ ਨਾ ਮਾਰਨ ਅਤੇ ਉਨ੍ਹਾਂ ਦੀ ਲਗਦੀ ਵਾਹ ਰੱਖਿਆ ਕਰਨ ਨੂੰ ਵੱਡਾ ਧਾਰਮਕ ਫਰਜ਼ ਸਮਝਦੇ ਸਨ ਅਤੇ ਇਸ ਨੇਮ ਨੂੰ ਵਹਿਮ ਦੀ ਹੱਦ ਤਕ ਲੈ ਗਏ ਸਨ । ਉਹ ਇਸ਼ਨਾਨ ਨਹੀਂ ਸਨ ਕਰਦੇ, ਜੂਆਂ ਨਹੀਂ ਸਨ ਮਾਰਦੇ, ਟੱਟੀ ਫਿਰਨ ਪਿੱਛੋਂ ਉਸ ਨੂੰ ਫੋਲ ਕੇ ਖਿਲਾਰਦੇ ਸਨ, ਤਾਂ ਕਿ ਉਸ ਵਿੱਚ ਕੀੜੇ ਪੈਦਾ ਹੋ ਕੇ ਮਰਨ ਨਾ। ਉਹ ਪਾਣੀ ਪੁਣ ਕੇ ਪੀਂਦੇ ਸਨ ਕਿ ਮਤਾਂ ਕੋਈ ਜੀਵ ਪੀਤਾ ਜਾਵੇ। ਉਹ ਭੋਲੇ ਇਹ ਨਹੀਂ ਸਨ ਜਾਣਦੇ ਕਿ ਪੁਣੇ ਹੋਏ ਪਾਣੀ ਵਿੱਚ ਵੀ



ਬੇਅੰਤ ਜੀਵ ਵੱਸਦੇ ਹਨ ਅਤੇ ਪੀਤੇ ਜਾਂਦੇ ਹਨ ।

ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ– 'ਗੰਦੇ ਰਹਿਣਾ ਧਰਮ ਨਹੀਂ, ਤਨ ਤੇ ਮਨ ਦੀ ਸਫਾਈ ਬਿਨਾਂ ਰੱਬ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ । ਜੀਵ ਮਾਰਨ ਤੇ ਪਾਪ ਤੋਂ ਬਚਣ ਲਈ ਜਿਹੜੇ ਹਾਸੋ-ਹੀਣੇ ਅਤੇ ਸਿਆਣਪ-ਹੀਣ ਕੰਮ ਉਹ ਕਰਦੇ ਸਨ, ਗੁਰੂ ਜੀ ਨੇ ਉਨ੍ਹਾਂ ਸੰਬੰਧੀ ਦਲੀਲ ਭਰੀ ਵਿਚਾਰ ਕੀਤੀ ਅਤੇ ਉਨ੍ਹਾਂ ਦੇ ਤਿਆਗ ਦੀ ਪ੍ਰੇਰਨਾ ਕੀਤੀ । ਗੱਲ ਕੀ ਉਨ੍ਹਾਂ ਦੇ ਵਹਿਮ ਦੂਰ ਕਰ ਕੇ ਅਤੇ ਸਭੇ ਭਰਮ ਨਵਿਰਤ ਕਰ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਧਰਮ ਦੇ ਰਾਹੇ ਪਾਇਆ ।

ਏਥੋਂ ਅੱਗੇ ਗੁਰੂ ਜੀ ਅਜਮੇਰ ਜਾ ਪਹੁੰਚੇ । ਇਸ ਥਾਂ ਜੋਗੀਆਂ ਤੇ ਮੁਸਲਮਾਨ ਸੂਫੀ ਫਕੀਰਾਂ ਦੇ ਗੜ੍ਹ ਸਨ । ਗੁਰੂ ਜੀ ਨੇ ਦੋਹਾਂ ਨਾਲ ਧਾਰਮਕ ਵੀਚਾਰ ਕੀਤੀ ਅਤੇ ਦੋਹਾਂ ਨੂੰ ਸੱਚੇ ਧਰਮ ਦੇ ਰਾਹੇ ਪਾਇਆ । ਆਪ ਨੇ ਜੋਗੀਆਂ ਨੂੰ ਸਮਝਾਇਆ ਕਿ ਅਸਲੀ ਜੋਗ ਕੀ ਹੁੰਦਾ ਹੈ ਅਤੇ ਕਿਵੇਂ ਕਮਾਇਆ ਜਾਂਦਾ ਹੈ । ਸੂਫੀ ਫਕੀਰਾਂ ਨੂੰ ਆਪ ਨੇ ਉਪਦੇਸ਼ ਦਿੱਤਾ ਕਿ ਸੱਚੇ ਮੁਸਲਮਾਨ ਕਿਵੇਂ ਬਣੀਦਾ ਹੈ–ਸਭ ਇਨਸਾਨਾਂ ਨੂੰ ਪਿਤਾ ਪਰਮਾਤਮਾ ਦੇ ਜਾਏ ਭੈਣ-ਭਰਾ ਸਮਝਣਾ, ਦੀਨ ਧਰਮ ਦੇ ਫਰਕ ਦੇ ਕਾਰਨ ਕਿਸੇ ਨੂੰ ਮਾੜਾ ਜਾਂ ਨੀਵਾਂ ਨਾ ਗਿਣਨਾ ਤੇ ਉਸ ਨਾਲ ਨਫਰਤ ਨਾ ਕਰਨੀ, ਸਭ ਮਨੁੱਖ ਮਾਤਰ ਨਾਲ ਪਿਆਰ ਤੇ ਹਮਦਰਦੀ ਕਰਨੀ, ਹੱਕ ਹਲਾਲ ਦੀ ਕਮਾਈ ਕਰਨੀ, ਨੇਕ ਕੰਮ ਕਰਨੇ, ਬੁਰੇ ਕੰਮਾਂ ਤੋਂ ਬਚਣਾ, ਹਰ ਕਿਸੇ ਦਾ ਭਲਾ ਕਰਨਾ, ਖੁਦਾ ਦਾ ਨਾਮ ਜਪਣਾ ਤੇ ਜਪਾਉਣਾ ਅਤੇ ਆਪਣੀ ਹੱਕ ਹਲਾਲ ਦੀ ਖੱਟੀ, ਕਮਾਈ ਨੂੰ ਵੰਡ ਕੇ ਛਕਣਾ ।

ਕੌਡਾ ਰਾਖਸ਼--ਰਾਜਪੂਤਾਨੇ ਦਾ ਚੱਕਰ ਲਾ ਕੇ ਗੁਰੂ ਜੀ ਇੰਦੌਰ ਪੁੱਜੇ । ਇਸ ਤੋਂ ਅੱਗੇ ਮੱਧ-ਭਾਰਤ ਦੇ ਜੰਗਲਾਂ ਪਹਾੜਾਂ ਵਿੱਚ ਦੀ ਹੁੰਦੇ ਹੋਏ ਆਪ ਦੱਖਣ ਵੱਲ ਨੂੰ ਹੋ ਤੁਰੇ । ਰਾਹ ਵਿੱਚ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਇਲਾਕੇ ਵਿੱਚ ਬੰਦਾ-ਖਾਣੀ ਰਾਖਸ਼ ਕੌਮ ਵਸਦੀ ਹੈ । ਉਸ ਕੌਮ ਦਾ ਸਰਦਾਰ ਕੌਡਾ ਸੀ । ਇਹ ਲੋਕ

ਰਾਹੀਆਂ-ਮੁਸਾਫਰਾਂ ਨੂੰ ਫੜ ਕੇ ਖਾ ਜਾਇਆ ਕਰਦੇ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਸੋਧਣ ਦਾ ਫੈਸਲਾ ਕੀਤਾ । ਆਪ ਦੇ ਸ਼ਰਧਾਲੂਆਂ, ਪ੍ਰੇਮੀਆਂ ਨੇ ਆਪ ਨੂੰ ਅਜਿਹੇ ਖਤਰੇ ਵਿੱਚ ਪੈਣੋਂ ਰੋਕਣ ਦੇ ਯਤਨ ਕੀਤੇ ਪਰ ਆਪ ਰੱਤੀ ਭਰ ਵੀ ਨਾ ਡਰੇ ਅਤੇ ਪਲ ਭਰ ਵੀ ਨਾ ਝੁਕੇ । ਕਹਿਣ ਲੱਗੇ, 'ਉਨ੍ਹਾਂ ਨੂੰ ਵੀ ਆਤਮਕ ਖੁਰਾਕ ਦੀ ਤੇ ਰੱਬ ਦੀ ਲੋੜ ਹੈ । ਉਨ੍ਹਾਂ ਨੂੰ ਜੇ ਅਸਾਂ ਨਾ ਸੋਧਿਆ ਤਾਂ ਹੋਰ ਕੌਣ ਸੋਧੇਗਾ ? ਅਜਿਹਿਆਂ ਨੂੰ ਸੋਧਣ ਦੀ ਖਾਤਰ ਹੀ ਤਾਂ ਅਸੀਂ ਥਾਂ-ਥਾਂ ਫਿਰਦੇ ਹਾਂ ।'

ਗੁਰੂ ਜੀ ਰਵਾਂ-ਰਵੀਂ ਇਸ ਰਾਖਸ਼ ਕੌਮ ਦੇ ਸਰਦਾਰ, ਕੌਡੇ ਰਾਖਸ਼ ਦੇ ਟਿਕਾਣੇ ਜਾ ਪਹੁੰਚੇ । ਉਨ੍ਹਾਂ ਨੇ ਸੋਚਿਆ ਕਿ ਜਦ ਕੌਡਾ ਸੁਧਰ ਜਾਵੇਗਾ, ਤਾਂ ਆਪਣੀ ਕੌਮ ਨੂੰ ਉਹ ਆਪ ਹੀ ਸੋਧ ਲਵੇਗਾ । ਕੌਡੇ ਨੇ ਉਨ੍ਹਾਂ ਨੂੰ ਤੇਲ ਵਿੱਚ ਤਲ ਕੇ ਖਾਣ ਲਈ ਫੜਨਾ ਚਾਹਿਆ । ਪਰ ਉਨ੍ਹਾਂ ਦੇ ਰੱਬੀ-ਨੂਰ ਤੇ ਆਤਮਕ ਜਲਾਲ ਭਰੇ ਤੇ ਹਮੂੰ-ਹਮੂੰ ਕਰਦੇ ਚਿਹਰੇ ਵੱਲ ਤੱਕ ਕੇ ਅਤੇ ਉਨ੍ਹਾਂ ਦੇ ਬਚਨ ਸੁਣ ਕੇ ਕੌਡੇ ਦਾ ਪੱਥਰ ਦਿਲ ਪੰਘਰ ਗਿਆ । ਉਹ ਗੁਰੂ ਜੀ ਦੀ ਚਰਨੀਂ ਪਿਆ । ਗੁਰੂ ਜੀ ਨੇ ਉਸ ਨੂੰ ਉਠਾਇਆ ਅਤੇ ਸਮਝਾਇਆ ਕਿ ਇਨਸਾਨ 'ਭਰਾਵਾਂ' ਨੂੰ ਮਾਰ-ਮਾਰ ਕੇ ਖਾਣ ਦੀ ਥਾਂ ਹਰੇਕ ਮਨੁੱਖ ਮਾਤਰ ਦੀ ਸੇਵਾ ਕਰਿਆ ਕਰੋ । ਕੌਡੇ ਨੇ ਗੁਰੂ ਜੀ ਦਾ ਹੁਕਮ ਪ੍ਰਵਾਨ ਕੀਤਾ । ਉਸ ਨੇ ਕਿਰਤ ਕਰਨ, ਨਾਮ ਜਪਣ ਤੇ ਜਪਾਉਣ, ਵੰਡ ਕੇ ਛਕਣ ਤੇ ਹਰ ਕਿਸੇ ਦੀ ਸੇਵਾ ਕਰਨ ਦਾ ਪ੍ਰਣ ਕੀਤਾ । ਗੁਰੂ ਜੀ ਦਾ ਹੁਕਮ ਮੰਨ ਕੇ ਉਸ ਨੇ ਇਹ ਵੀ ਪ੍ਰਣ ਕੀਤਾ ਕਿ ਮੈਂ ਆਪਣੀ ਸਾਰੀ ਰਾਖਸ਼ ਕੌਮ ਬੰਦੇ ਖਾਣੋਂ ਹਟਾ ਕੇ ਇਨਸਾਨੀ ਸੇਵਾ ਵਿੱਚ ਲਗਾਵਾਂਗਾ ਅਤੇ ਸਭ ਨੂੰ ਸੱਚੇ ਧਰਮ ਦੇ ਰਾਹ 'ਤੇ ਲਿਆਵਾਂਗਾ ।

ਸੰਗਲਾਦੀਪ– ਕੌਡੇ ਨੂੰ ਤੇ ਉਸ ਰਾਹੀਂ ਉਸ ਦੀ ਬੰਦੇ-ਖਾਣੀ ਕੌਮ ਨੂੰ ਸੋਧ ਕੇ ਗੁਰੂ ਜੀ ਨੇ ਅਗਾਂਹ ਦੱਖਣ ਵੱਲ ਨੂੰ ਚਾਲੇ ਪਾ ਦਿੱਤੇ । ਹੈਦਰਾਬਾਦ, ਗੋਲਕੰਡਾ, ਮਦਰਾਸ, ਪਾਂਡੀਚਰੀ ਤੰਜੌਰ



ਆਦਿ ਥਾਵਾਂ 'ਤੇ ਸੱਚ-ਧਰਮ ਦਾ ਪ੍ਰਚਾਰ ਕਰਦੇ-ਕਰਦੇ ਗੁਰੂ ਜੀ ਸੰਗਲਾਦੀਪ (ਲੰਕਾ ਜਾਂ ਸਿਲੂਨ) ਪੁੱਜੇ । ਏਥੋਂ ਦਾ ਰਾਜਾ ਸ਼ਿਵਨਾਭ ਸੀ । ਇਸ ਨੂੰ ਇਕ ਵੇਰ ਲਾਹੌਰ ਦੇ ਇਕ ਵਪਾਰੀ, ਭਾਈ ਮਨਸੁਖ ਦੀ ਸੰਗਤ ਦਾ ਅਵਸਰ ਮਿਲਿਆ ਸੀ । ਮਨਸੁਖ, ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ । ਉਸ ਦਾ ਜੀਵਨ ਤੱਕ ਕੇ ਰਾਜਾ ਖਿੱਚਿਆ ਗਿਆ । ਭਾਈ ਮਨਸੁਖ ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਤੇ ਸਿੱਖੀ ਦੇ ਨੇਮਾਂ, ਮਰਯਾਦਾ ਤੋਂ ਜਾਣੂੰ ਕੀਤਾ ਸੀ ਅਤੇ ਗੁਰੂ ਜੀ ਦੀ ਸੋਭਾ ਵਡਿਆਈ ਦੱਸੀ । ਰਾਜਾ ਸ਼ਿਵਨਾਭ ਗੁਰੂ ਜੀ ਦਾ ਪ੍ਰੇਮੀ ਬਣ ਗਿਆ । ਜਦ ਭਾਈ ਮਨਸੁਖ ਵਾਪਸ ਪੰਜਾਬ ਜਾਣ ਲੱਗਾ ਤਾਂ ਰਾਜੇ ਨੇ ਉਸ ਦੇ ਨਾਲ ਜਾ ਕੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਚਾਹ ਪ੍ਰਗਟ ਕੀਤੀ । ਪਰ ਭਾਈ ਮਨਸੁਖ ਨੇ ਕਿਹਾ, 'ਰਾਜਾ ਜੀ, ਤੁਸੀਂ ਆਪਣੇ ਫ਼ਰਜ਼ ਪੂਰੀ ਕੋਸ਼ਿਸ਼ ਨਾਲ ਨਿਭਾਹੀ ਜਾਓ, ਸੱਚੇ ਦਿਲੋਂ ਗੁਰੂ ਜੀ ਨੂੰ ਯਾਦ ਕਰਦੇ ਰਹੋ ਅਤੇ ਦਰਸ਼ਨਾਂ ਦੀ ਚਾਹ ਧਾਰੀ ਰੱਖੋ । ਉਹ ਜ਼ਰੂਰ ਬਹੁੜਨਗੇ ।'

ਰਾਜਾ ਮੰਨ ਗਿਆ । ਉਹ ਆਪਣੇ ਫਰਜ਼ ਨਿਭਾਉਂਦਾ, ਗੁਰੂ ਜੀ ਨੂੰ ਹਰਦਮ ਯਾਦ ਕਰਦਾ ਅਤੇ ਦਰਸ਼ਨਾਂ ਲਈ ਅਰਦਾਸਾਂ ਕਰਦਾ ਰਿਹਾ ਕਰੇ ।

ਇਸ ਗੱਲ ਦਾ ਆਮ ਲੋਕਾਂ ਨੂੰ ਪਤਾ ਲੱਗ ਗਿਆ । ਕਈ ਸਾਧੂ ਰਾਜੇ ਨੂੰ ਚੇਲਾ ਬਣਾਉਣ ਲਈ ਆਉਣੇ ਸ਼ੁਰੂ ਹੋ ਗਏ । ਹਰੇਕ ਆਪਣੇ-ਆਪ ਨੂੰ ਗੁਰੂ ਨਾਨਕ ਪ੍ਰਗਟ ਕਰਿਆ ਕਰੇ ਪਰ ਉਨ੍ਹਾਂ ਵਿਚੋਂ ਕੋਈ ਵੀ ਰਾਜੇ ਦੀ ਤਸੱਲੀ ਨਾ ਕਰਾ ਸਕਿਆ । ਰਾਜੇ ਨੇ, ਇਹ ਗੱਲ ਸ਼ੁਰੂ ਕੀਤੀ ਕਿ ਜਿਹੜਾ ਵੀ ਸਾਧੂ ਗੁਰੂ ਬਣ ਕੇ ਆਵੇ, ਉਸ ਨੂੰ ਸਰਕਾਰੀ ਬਾਗ ਵਿੱਚ ਉਤਾਰਾ ਦਿੱਤਾ ਜਾਵੇ, ਉਸ ਦੀ ਅੰਨ ਪਾਣੀ ਦੀ ਖੂਬ ਸੇਵਾ ਕੀਤੀ ਜਾਵੇ ਅਤੇ ਫਿਰ ਉਸ ਦੀ ਪਰਖ ਲਈ ਧਨ ਤੇ ਸੁੰਦਰ ਇਸਤਰੀਆਂ ਦਾ ਲਾਲਚ ਦਿੱਤਾ ਤੇ ਜਾਲ ਖਿਲਾਰਿਆ ਜਾਵੇ । ਕੋਈ ਵੀ ਸਾਧੂ ਇਸ ਪਰਖ ਵਿੱਚ ਪੂਰਾ ਨਾ ਉਤਰਿਆ । ਰਾਜਾ ਸਮਝ ਗਿਆ ਕਿ ਇਹ ਸਭ ਪਖੰਡੀ ਹਨ।

ਏਨੇ ਨੂੰ ਗੁਰੂ ਨਾਨਕ ਸਾਹਿਬ ਵੀ ਸੰਗਲਾਦੀਪ ਪਹੁੰਚ ਗਏ । ਉਨ੍ਹਾਂ ਨੇ ਆਪ ਹੀ ਰਾਜੇ ਦੇ ਬਾਗ ਵਿੱਚ ਜਾ ਡੇਰਾ ਲਾਇਆ । ਰਾਜੇ ਨੇ ਬਹੁਤ ਸੋਹਣੀਆਂ ਇਸਤਰੀਆਂ ਭੇਜੀਆਂ । ਉਨ੍ਹਾਂ ਨੇ ਬੜੇ ਯਤਨ ਕੀਤੇ, ਪਰ ਉਹ ਗੁਰੂ ਜੀ ਨੂੰ ਭਰਮਾ, ਡੁਲਾ ਨਾ ਸਕੀਆਂ । ਪਹਿਲਾਂ ਤਾਂ ਗੁਰੂ ਜੀ ਸਮਾਧੀ ਲਾਈ ਰੱਬ ਦੇ ਧਿਆਨ ਵਿੱਚ ਜੁੜੇ ਬੈਠੇ ਰਹੇ । ਫੇਰ ਆਪ ਨੇ ਮਿੱਠੀ, ਰਸ-ਭਿੰਨੀ ਤੇ ਦਇਆ-ਭਰੀ ਆਵਾਜ਼ ਵਿੱਚ ਕਿਹਾ:

*ਗਾਛਹੁ[1] ਪੁਤ੍ਰੀ ਰਾਜ ਕੁਆਰਿ[2] ॥*
*ਨਾਮੁ ਭਣਹੁ[3] ਸਚੁ ਦੋਤੁ[4] ਸੁਆਰਿ ॥[5]*

'ਜਾਓ ਬੱਚੀਓ, ਕਰਤਾਰ ਚਿਤ ਆਵੇ । ਰੱਬ ਦਾ ਨਾਂ ਲਵੋ ਅਤੇ ਸੱਚੇ ਸ਼ਿੰਗਾਰ ਵਾਲੀਆਂ ਬਣੋ !'

ਮੋਹਣ ਆਈਆਂ ਮੋਹੀਆਂ ਗਈਆਂ । ਵੱਸ ਕਰਨ ਆਈਆਂ ਬੱਝ ਗਈਆਂ । ਉਹ ਗੁਰੂ ਜੀ ਦੇ ਚਰਨੀਂ ਢਹਿ ਪਈਆਂ ਅਤੇ ਨਿਹਾਲ ਹੋ ਗਈਆਂ ।

ਰਾਜੇ ਨੇ ਇਹ ਗੱਲ ਸੁਣੀ, ਉਹ ਬੜਾ ਖੁਸ਼ ਹੋਇਆ । ਉਸ ਨੂੰ ਨਿਸਚਾ ਹੋ ਗਿਆ ਕਿ ਇਸ ਵੇਰ ਠੀਕ ਹੀ ਤਾਰਨਹਾਰ ਸੱਚੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆ ਬਹੁੜੇ ਹਨ । ਉਹ ਰਾਣੀ ਸਮੇਤ ਦਰਸ਼ਨਾਂ ਲਈ ਬਾਗ ਵਿੱਚ ਗਿਆ । ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਕਲੇਜੇ ਨੂੰ ਠੰਡ ਪੈ ਗਈ । ਤਨ ਮਨ ਅਨੋਖੀ ਖੁਸ਼ੀ ਤੇ ਸਰੂਰ ਨਾਲ ਭਰ ਗਿਆ । ਉਹ ਦੋਵੇਂ ਜੀਅ ਗੁਰੂ ਜੀ ਦੇ ਸਿੱਖ ਬਣੇ । ਉਨ੍ਹਾਂ ਦੇ ਮਗਰ ਉਨ੍ਹਾਂ ਦੀ ਪਰਜਾ ਦੇ ਅਨੇਕਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ ।

ਗੁਰੂ ਜੀ ਚੋਖਾ ਚਿਰ ਓਥੇ ਰਹੇ । ਫੇਰ ਆਪ ਰਾਜੇ ਸ਼ਿਵਨਾਭ ਨੂੰ ਉਸ ਇਲਾਕੇ ਵਿੱਚ ਸਿੱਖੀ ਪ੍ਰਚਾਰ ਦਾ ਕੰਮ ਸੌਂਪ ਕੇ ਓਥੋਂ ਵਿਦਾ ਹੋਏ ।

੧ ਜਾਓ । ੨ ਕੰਨਿਆਂ, ਬਾਲੜੀ । ੩ ਆਖੋ, ਬੋਲੋ, ਜਪੋ । ੪ ਸ਼ਿੰਗਾਰ ।
੫ ਬਸੰਤ ਮ: ੧, ਪੰਨਾ ੧੧੮੭ ।



ਕਜਲੀ-ਬਨ– ਸੰਗਲਾਦੀਪ ਵਿੱਚ ਸਿੱਖੀ ਦਾ ਕੇਂਦਰ ਕਾਇਮ ਕਰ ਕੇ ਅਤੇ ਓਥੋਂ ਚੱਕ੍ਰ ਲਾ ਕੇ ਗੁਰੂ ਜੀ ਵਾਪਸ ਮੁੜੇ। ਰਾਹ ਵਿੱਚ ਮੋਟੇ-ਮੋਟੇ ਸਭ ਥਾਵਾਂ ਟਿਕਾਣਿਆਂ 'ਤੇ ਪੁੱਜ ਕੇ ਆਪ ਨੇ ਸੱਚੇ ਧਰਮ ਦਾ ਪ੍ਰਚਾਰ ਕੀਤਾ ਅਤੇ ਉੱਚੀ ਸੁੱਚੀ ਰਹਿਣੀ ਦਾ ਵੱਲ ਦਸਿਆ । ਇਸ ਤਰ੍ਹਾਂ ਗੁਰਸਿੱਖੀ ਦੇ ਕੇਂਦਰ ਕਾਇਮ ਕਰਦੇ-ਕਰਦੇ ਆਪ ਕਜਲੀ-ਬਨ ਨਾਮੇ ਥਾਂ 'ਤੇ ਪੁੱਜੇ । ਉਸ ਥਾਂ ਸਿੱਧਾਂ ਜੋਗੀਆਂ ਦਾ ਵੱਡਾ ਡੇਰਾ ਸੀ । ਇਹ ਲੋਕ ਸਿਧੀਆਂ ਅਤੇ ਕਰਾਮਾਤਾਂ ਵਿਖਾ-ਵਿਖਾ ਕੇ ਲੋਕਾਂ ਪਾਸੋਂ ਮਾਨਤਾ ਕਰਾਉਂਦੇ ਤੇ ਭੇਟਾ ਉਗਰਾਹੁੰਦੇ ਸਨ ਅਤੇ ਉਨ੍ਹਾਂ ਨੂੰ ਰੱਬ ਵਲੋਂ ਹਟਾ ਕੇ ਅਨੇਕਾਂ ਭਰਮਾਂ ਵਹਿਮਾਂ ਦੇ ਜਾਲ ਵਿੱਚ ਫਸਾਉਂਦੇ ਸਨ । ਅਜਿਹੇ ਪਖੰਡੀ-ਧਰਮੀਆਂ, ਕੁਰਾਹੇ ਪਿਆਂ ਅਤੇ ਕੁਰਾਹੇ ਪਾ ਰਹਿਆਂ ਨੂੰ ਸੋਧਣ ਅਤੇ ਲੋਕਾਂ ਨੂੰ ਉਨ੍ਹਾਂ ਦੇ ਜਾਲ ਵਿਚੋਂ ਕੱਢਣ, ਛਡਾਉਣ ਦਾ ਹੀ ਕੰਮ ਤਾਂ ਗੁਰੂ ਜੀ ਕਰਦੇ ਫਿਰਦੇ ਸਨ।

ਗੁਰੂ ਜੀ ਉਨ੍ਹਾਂ ਦੇ ਡੇਰੇ ਪੁੱਜੇ । ਸਿੱਧਾਂ ਨੇ ਚਰਚਾ ਬਹਿਸ ਕਰ ਕੇ ਗੁਰੂ ਨੂੰ ਹਰਾਉਣਾ ਚਾਹਿਆ ਪਰ ਉਹ ਆਪ ਹੀ ਹਾਰ ਖਾ ਗਏ ਤੇ ਹਾਰ ਮੰਨ ਗਏ । ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਅਸਲ ਜੋਗ ਉਹ ਨਹੀਂ ਜੋ ਤੁਸੀਂ ਸ਼ਰਾਬ ਪੀ-ਪੀ ਕੇ ਕਮਾਉਂਦੇ ਹੋ । ਅਸਲ ਜੋਗ ਤਾਂ ਇਹ ਹੈ ਕਿ ਕਰਤਾਰ ਦਾ ਨਾਮ ਹਿਰਦੇ ਵਿੱਚ ਧਾਰਿਆ ਵਸਾਇਆ ਜਾਵੇ ਅਤੇ ਮੂੰਹ ਤੋਂ ਉਚਾਰਿਆ ਜਾਵੇ, ਇਸ ਤਰ੍ਹਾਂ ਦਿਲ ਨੂੰ ਰੱਬ ਨਾਲ ਜੋੜਿਆ ਜਾਵੇ, ਫੇਰ ਮਨ ਕਰਤਾਰ ਵਿੱਚ ਤੇ ਹੱਥ ਕਾਰ ਵਿੱਚ ਲਾ ਕੇ ਰੱਬ ਦੇ ਜੀਆਂ ਦੀ ਸੇਵਾ ਸਹਾਇਤਾ ਕੀਤੀ ਜਾਵੇ, ਭੁਲਿਆਂ ਨੂੰ ਰੱਬ ਦੇ ਰਾਹੇ ਪਾਇਆ ਜਾਵੇ ਅਤੇ ਮਾਇਆ ਦੇ ਜਾਲ ਤੋਂ ਬਚਾਇਆ ਜਾਵੇ ।

ਸਾਰੇ ਸਿੱਧਾਂ ਨੇ ਗੁਰੂ ਜੀ ਦੇ ਅੱਗੇ ਸਿਰ ਨਿਵਾਏ ਅਤੇ ਉਨ੍ਹਾਂ ਦੇ ਦੱਸੇ ਰਾਹ 'ਤੇ ਤੁਰਨ ਦਾ ਪ੍ਰਣ ਕੀਤਾ ।

ਕਜਲੀ-ਬਨ ਤੋਂ ਤੁਰ ਕੇ ਸਮੁੰਦਰ ਦੇ ਪੱਛਮੀ ਕੰਢੇ ਦੇ ਨਾਲ-ਨਾਲ ਹੁੰਦੇ ਹੋਏ ਗੁਰੂ ਜੀ ਸੰਮਤ ੧੫੭੨ ਵਿੱਚ ਵਾਪਸ ਕਰਤਾਰਪੁਰ ਪਹੁੰਚ ਗਏ । ਦੂਜੀ ਉਦਾਸੀ ਸੰਪੂਰਨ ਹੋਈ ।

## ਕਾਂਡ ੧੬

# ਤੀਜੀ ਉਦਾਸੀ ਉਤਰਾ ਖੰਡ ਦੀ

(ਸੰਮਤ ੧੫੭੩ ਤੋਂ ੧੫੭੫)

ਦੂਜੀ ਉਦਾਸੀ ਤੋਂ ਵਾਪਸ ਆ ਕੇ ਗੁਰੂ ਜੀ ਥੋੜ੍ਹਾ ਚਿਰ ਹੀ ਕਰਤਾਰਪੁਰ ਟਿਕੇ । ਕਰਤਾਰ ਸਿਰਜਣਹਾਰ ਵੱਲੋਂ ਧਰਤ ਲੋਕਾਈ ਨੂੰ ਸੋਧਣ ਅਤੇ ਜਗਤ ਜਲੰਦੇ ਨੂੰ ਠੰਡ ਪਾਉਣ ਦੀ ਜੋ ਕਾਰ ਆਪ ਦੇ ਸਪੁਰਦ ਹੋਈ ਸੀ, ਉਹ ਅਜੇ ਸੰਪੂਰਨ ਨਹੀਂ ਸੀ ਹੋਈ । ਇਸ ਕਰ ਕੇ ਵਰ੍ਹੇ ਦੇ ਅੰਦਰ-ਅੰਦਰ ਅਰਥਾਤ ੧੫੭੩ ਵਿੱਚ ਆਪ ਨੇ ਤੀਜੀ ਉਦਾਸੀ ਦੀ ਤਿਆਰੀ ਕਰ ਲਈ । ਇਸ ਵੇਰ ਆਪ ਨੇ ਉਤਰਾ ਖੰਡ (ਪਹਾੜ ਦੇ ਪਾਸੇ) ਦੀ ਯਾਤਰਾ ਅਰੰਭੀ । ਉਨ੍ਹਾਂ ਦਾ ਪਹਿਰਾਵਾ ਇਸ ਵੇਰ ਵੀ ਅਨੋਖਾ ਸੀ । ਪੈਰੀਂ ਚਮੜੇ ਦੀ ਜੁੱਤੀ ਸੀ, ਸਿਰ ਉਤੇ ਅਤੇ ਸਾਰੇ ਸਰੀਰ ਉਪਰ ਚਮੜਾ ਵਲ੍ਹੇਟਿਆ ਹੋਇਆ ਸੀ ਅਤੇ ਮੱਥੇ ਉਪਰ ਕੇਸਰ ਦਾ ਟਿੱਕਾ ਸੀ, ਉਨ੍ਹਾਂ ਦੇ ਨਾਲ ਦੋ ਸਿੱਖ ਭਾਈ ਹਸੂ ਲੁਹਾਰ ਅਤੇ ਭਾਈ ਸੀਹਾਂ ਛੀਂਬਾ ਸਨ।

ਬ੍ਰਹਮ ਦਾਸ– ਕਰਤਾਰਪੁਰੋਂ ਚਲ ਕੇ ਉਹ ਏਧਰ-ਓਧਰ ਦਾ ਗੇੜਾ ਕਢਦੇ ਅਤੇ ਸਤਿਨਾਮ ਦੇ ਗੱਫੇ ਵਰਤਾਉਂਦੇ ਤੁਰੇ ਗਏ । ਇਸ ਤਰ੍ਹਾਂ ਜਗਤ-ਸੁਧਾਰ ਤੇ ਜਗਤ-ਉਧਾਰ ਦੀ ਕਾਰ ਕਰਦੇ-ਕਰਦੇ ਆਪ ਜੰਮੂ ਦੇ ਰਾਹ ਕਸ਼ਮੀਰ ਵਿੱਚ ਜਾ ਦਾਖ਼ਲ ਹੋਏ । ਫਿਰਦੇ-ਫਿਰਾਂਦੇ ਆਪ ਮਟਨ ਪਹੁੰਚੇ ਅਤੇ ਮਾਰਤੰਡ ਚਸ਼ਮੇ 'ਤੇ ਜਾ ਟਿਕੇ । ਓਥੇ ਪੰਡਤ ਬ੍ਰਹਮ ਦਾਸ ਆਪ ਨੂੰ ਮਿਲਿਆ । ਇਹ ਪੰਡਤ ਬਹੁਤ ਵਿਦਵਾਨ ਸੀ, ਧਰਮ ਪੁਸਤਕਾਂ ਦੀਆਂ ਦੋ ਲੱਦਾਂ ਉਸ ਦੇ ਨਾਲ ਸਨ । ਸਾਧੂਆਂ ਪੰਡਤਾਂ ਤੇ ਵਿਦਵਾਨਾਂ ਨਾਲ ਚਰਚਾ ਕਰ ਕੇ ਉਨ੍ਹਾਂ ਨੂੰ ਹਰਾਉਣਾ ਉਸ ਨੇ ਆਪਣਾ ਵੱਡਾ ਕੰਮ ਬਣਾ ਰਖਿਆ ਸੀ । ਅਜੇ ਤੀਕ ਉਸ ਅੱਗੇ ਕੋਈ ਨਹੀਂ ਸੀ ਅੜਿਆ । ਲੋਕਾਂ ਵਿੱਚ ਉਸ ਦੀ ਬੜੀ ਮਸ਼ਹੂਰੀ ਸੀ । ਉਸ ਦੇ



ਆਪਣੇ ਮਨ ਵਿੱਚ ਵਿਓਂ ਤੇ ਮਗ਼ਰੂਰੀ ਸੀ ।

ਉਸ ਨੇ ਗੁਰੂ ਜੀ ਨਾਲ ਵੀ ਚਰਚਾ ਆ ਛੇੜੀ, ਪਰ ਹਾਰ ਗਿਆ, ਨਿਰੁੱਤਰ ਹੋ ਗਿਆ । ਗੁਰੂ ਜੀ ਦੇ ਬਚਨ ਸੁਣ ਕੇ ਉਸ ਦੇ ਮਨ ਨੂੰ ਸ਼ਾਂਤੀ ਆਈ । ਉਸ ਦਾ ਹੰਕਾਰ ਤੇ ਅਗਿਆਨਤਾ ਵਾਲੀ ਵਿੱਦਿਆ ਦਾ ਮਾਣ ਦੂਰ ਹੋ ਗਿਆ । ਉਹ ਗੁਰੂ ਜੀ ਦਾ ਸਿੱਖ ਬਣਿਆ । ਉਸ ਨੇ ਦਸਾਂ ਨਹੁੰਆਂ ਦੀ ਕਿਰਤ ਕਰਨ, ਨਾਮ ਜਪਣ ਤੇ ਜਪਾਉਣ, ਲੋਕਾਂ ਨੂੰ ਵਿੱਦਿਆ-ਦਾਨ ਦੇ ਖੁਲ੍ਹੇ ਗੱਫੇ ਵਰਤਾਉਣ ਅਤੇ ਆਪਣੀ ਕਿਰਤ ਕਮਾਈ ਵਿੱਚੋਂ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਪ੍ਰਣ ਕੀਤਾ ਅਤੇ ਸੱਚੇ ਧਰਮ ਦਾ ਜੀਵਨ ਗੁਜ਼ਾਰਨਾ ਸ਼ੁਰੂ ਕਰ ਦਿੱਤਾ । ਗੁਰੂ ਜੀ ਨੇ ਕਸ਼ਮੀਰ ਵਿੱਚ ਸਿੱਖੀ ਦੇ ਪ੍ਰਚਾਰ ਦਾ ਕੰਮ ਉਸ ਨੂੰ ਸੌਂਪਿਆ ।

ਏਥੇ ਹੀ ਕਮਾਲ ਨਾਂ ਦਾ ਇਕ ਮੁਸਲਮਾਨ ਫਕੀਰ ਗੁਰੂ ਜੀ ਦੀ ਸ਼ਰਨ ਆਇਆ ਅਤੇ ਸਿੱਖ ਬਣਿਆ । ਗੁਰੂ ਜੀ ਦੀ ਆਗਿਆ ਮੂਜਬ ਉਸ ਨੇ ਕੁਰਮ ਦੀ ਘਾਟੀ ਵਿੱਚ ਸਿੱਖੀ ਦੇ ਪ੍ਰਚਾਰ ਦਾ ਕੰਮ ਸੰਭਾਲਿਆ ।

ਕਸ਼ਮੀਰ ਦਾ ਚੱਕਰ ਲਾ ਕੇ ਆਪ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਨੂੰ ਹੋਏ । ਜਿਥੇ ਹੁਣ ਕੀਰਤਪੁਰ ਹੈ, ਓਥੇ ਆਪ ਨੇ ਪੀਰ ਬੁੱਢਣ ਸ਼ਾਹ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ । ਇਥੋਂ ਸਿਰਮੌਰ, ਗੜ੍ਹਵਾਲ ਹੇਮ-ਕੁੰਡ ਆਦਿ ਹੁੰਦੇ ਹੋਏ, ਸੱਚੇ ਧਰਮ ਦਾ ਉਪਦੇਸ਼ ਕਰਦੇ-੨ ਗੁਰੂ ਜੀ ਨੇਪਾਲ ਤੇ ਪੱਛਮੀ ਤਿੱਬਤ ਵਿੱਚ ਦੀ ਹੋ ਕੇ ਪਹਾੜਾਂ ਦੀ ਚੜ੍ਹਾਈ ਕਰਦੇ-ਕਰਦੇ ਸੁਮੇਰ ਜਾਂ ਕੈਲਾਸ਼ ਪਰਬਤ ਉਤੇ ਜਾ ਪਹੁੰਚੇ । ਓਥੇ ਆਪ ਮਾਨ-ਸਰੋਵਰ 'ਤੇ ਜਾ ਟਿਕੇ, ਓਥੇ ਉਨ੍ਹਾਂ ਨੂੰ ਬੜੇ ਉਘੇ-ਉਘੇ ਸਿੱਧ ਮਿਲੇ । ਉਹ ਹੈਰਾਨ ਹੋਏ ਕਿ ਇਹ ਇਥੇ ਕਿਵੇਂ ਪੁੱਜ ਗਏ । ਹੈਰਾਨ ਹੋ ਕੇ ਸਿੱਧਾਂ ਨੇ ਪੁੱਛਿਆ- 'ਤੁਹਾਨੂੰ ਕਿਹੜੀ ਸ਼ਕਤੀ ਏਥੇ ਲਿਆਈ ਹੈ ? ਤੁਸੀਂ ਸਿੱਧ ਨਹੀਂ ਅਤੇ ਸਿੱਧਾਂ ਬਗੈਰ ਹੋਰ ਕਿਸੇ ਪਾਸ ਅਜਿਹੀ ਸ਼ਕਤੀ ਹੈ ਹੀ ਨਹੀਂ ।'

ਗੁਰੂ ਜੀ–'ਨਾਥ ਜੀ, ਮੈਂ ਸਰਬ-ਸ਼ਕਤੀਮਾਨ ਤੇ ਸਭ ਸ਼ਕਤੀਆਂ ਦੇ ਮੂਲ ਤੇ ਦਾਤੇ ਨੂੰ ਧਿਆਉਣ ਵਾਲਾ ਹਾਂ । ਉਸ ਦੀ ਮੇਹਰ ਤੇ ਸ਼ਕਤੀ ਨਾਲ ਮੈਂ ਏਥੇ ਪੁੱਜ ਗਿਆ ਹਾਂ ।'[੧]

ਸਿੱਧਾਂ ਨੇ ਪੁੱਛਿਆ– 'ਤੁਹਾਡਾ ਮੱਤ ਕੀ ਹੈ ?'

ਗੁਰੂ ਜੀ–'ਕਰਤਾਰ ਤੇ ਉਸ ਦੀ ਰਚਨਾ ਨਾਲ ਪਿਆਰ ਕਰਨਾ ਅਤੇ ਸੱਚੇ ਧਰਮ ਦੀ ਕਮਾਈ ਕਰਨੀ ।'

ਸਿੱਧ– 'ਮਾਤ ਲੋਕ ਵਿੱਚ ਕੀ ਵਰਤਾਰਾ ਹੈ, ਉਸ ਦਾ ਕੀ ਹਾਲ ਹੈ ?'

ਗੁਰੂ ਜੀ– 'ਮਾਤ ਲੋਕ ? ਮੈਂ ਸਮਝ ਗਿਆ ! ਤੁਸੀਂ ਤਾਂ ਮਰਨ ਵਾਲੇ ਚੁਰਾਸੀ ਦੇ ਗੇੜ ਵਿੱਚ ਪਏ ਹੋਏ ਜੀਵਾਂ ਦਾ ਦੇਸ਼ ਛੱਡ ਕੇ ਏਥੇ ਬ੍ਰਹਮ-ਲੋਕ ਵਿੱਚ ਆ ਟਿਕੇ ਹੋ ਨਾ ! ਤੁਹਾਨੂੰ ਚੁਰਾਸੀ ਦੇ ਜੀਵਾਂ, ਗਰੀਬ ਇਨਸਾਨਾਂ ਨਾਲ ਕੀ ? ਤੁਸੀਂ ਤਾਂ ਇਕਾਂਤ ਵਿੱਚ ਮਸਤ ਹੋਏ ਟਿਕੇ ਰਹਿੰਦੇ ਹੋ । ਤੁਹਾਡੀ ਮਾਤ-ਭੂਮੀ, ਜਿਸ ਨੇ ਤੁਹਾਨੂੰ ਜਨਮ ਦਿੱਤਾ, ਬੜੀ ਭੈੜੀ ਹਾਲਤ ਵਿੱਚ ਹੈ । ਉਥੇ ਹਨੇਰ ਮਚਿਆ ਹੋਇਆ ਹੈ । ਉਥੇ ਪਾਪ ਤੇ ਝੂਠ, ਜਬਰ ਤੇ ਜ਼ੁਲਮ, ਕਾਮ ਤੇ ਲੋਭ, ਲੜਾਈਆਂ ਤੇ ਰੋਗ, ਭਰਮ ਅਤੇ ਅਗਿਆਨ, ਪਖੰਡ ਤੇ ਬੇਈਮਾਨੀ, ਰਾਜ-ਉਪੱਦਰ, ਸਮਾਜ-ਉਪੱਦਰ, ਧਰਮ-ਉਪੱਦਰ, ਬੇਇਨਸਾਫੀ, ਵੱਢੀ ਖੋਰੀ । ਗੱਲ ਕੀ ਪੂਰਨ ਹਨੇਰ-ਗਰਦੀ ਦਾ ਵਰਤਾਰਾ ਹੈ । ਜਨਤਾ ਪੀੜੀ ਜਾ ਰਹੀ ਹੈ । ਸਭ ਥਾਈਂ ਕੂੜ ਤੇ ਪਾਪ ਪ੍ਰਧਾਨ ਹਨ । ਲੋਕੀਂ 'ਬਹੁੜੀ ਬਹੁੜੀ' ਪਏ ਕਰਦੇ ਹਨ, ਪਰ ਉਨ੍ਹਾਂ ਦੀ ਬਹੁੜੀ ਕਰਨ ਵਾਲਾ ਕੋਈ ਨਹੀਂ । ਆਮ ਜਨਤਾ ਗਿਆਨ-ਹੀਣ ਹੈ, ਨਿਤਾਣੀ ਹੈ । ਤੁਹਾਡੇ ਵਿੱਚ ਲੋਕਾਂ ਦੀ ਹਾਲਤ ਸੁਧਾਰਨ ਤੇ ਉਨ੍ਹਾਂ ਦੀ ਅਗਵਾਈ ਕਰਨ ਦੀ ਯੋਗਤਾ ਸੀ, ਪਰ ਤੁਸੀਂ ਮੈਦਾਨ ਛੱਡ ਕੇ ਨੱਸ ਕੇ

*੧ ਸਿਧਿ ਪੁਛਣਿ ਸੁਣਿ ਬਾਲਿਆ ਕਉਣੁ ਸਕਤਿ ਤੁਹਿ ਏਥੇ ਲਿਆਈ ?*
*ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ ।*
*(ਭਾਈ ਗੁਰਦਾਸ, ਵਾਰ ੧, ੨੮)*



ਪਹਾੜੀਂ ਆ ਲੁਕੇ ਹੋ । ਵਿਹਲੀਆਂ ਖਾਂਦੇ ਹੋ ਅਤੇ ਜਗਿਆਸੂਆਂ ਦੇ ਸਿਰ 'ਤੇ ਭਾਰ ਬਣੀ ਬੈਠੇ ਹੋ । ਸੱਚੀ ਗੱਲ ਤਾਂ ਇਹ ਹੈ ਕਿ ਤੁਸਾਂ ਧਰਮ ਨੂੰ ਸਮਝਿਆ ਹੀ ਨਹੀਂ ਕਿ ਉਹ ਅਸਲ ਵਿੱਚ ਕੀ ਹੈ। ਤੁਸੀਂ ਅਸਲੀ ਧਰਮ ਗੁਆ ਬੈਠੇ ਹੋ ਅਤੇ ਹੋਰ ਹੀ ਰਾਹ ਨੂੰ ਅਪਣਾ ਬੈਠੇ ਹੋ । ਧਰਮ, ਇਸ ਤਰ੍ਹਾਂ ਦੁਨੀਆਂ ਤੋਂ ਨੱਸ ਕੇ, ਲੁਕ ਕੇ ਵਿਹਲੇ ਬਹਿਣ ਤੇ ਪਿਆਲੇ ਪੀ ਕੇ ਮਸਤ ਰਹਿਣ ਵਿੱਚ ਨਹੀਂ। ਧਰਮ ਤਾਂ ਇਹ ਹੈ ਕਿ ਜਗਤ ਵਿੱਚ ਰਹਿ ਕੇ ਆਪਣੇ ਜ਼ੁੰਮੇ ਲੱਗੇ ਫਰਜ਼ ਨਿਭਾਈਏ, ਜਗਤ ਦੇ ਜੀਵਾਂ ਦੀ ਸੇਵਾ ਕਰੀਏ, ਕਰਤਾਰ ਦਾ ਨਾਮ ਜਪੀਏ ਤੇ ਹੋਰਨਾਂ ਨੂੰ ਜਪਾਈਏ, ਧਰਮ ਦੀ ਕਿਰਤ ਤੇ ਪਰਉਪਕਾਰ ਹੀ ਅਸਲੀ ਪੂਜਾ ਜਾਂ ਬੰਦਗੀ ਹੈ ।'

ਸਿੱਧਾਂ ਨੇ ਹੋਰ ਚੋਖੇ ਸਵਾਲ ਪੁੱਛੇ ਅਤੇ ਗੁਰੂ ਜੀ ਨੂੰ ਮਾਤ ਕਰਨ ਦੇ ਯਤਨ ਕੀਤੇ । ਧਰਮ ਬਾਰੇ ਖੂਬ ਚਰਚਾ ਹੋਈ । ਗੁਰੂ ਜੀ ਨੂੰ ਹਾਰਦੇ ਨਾ ਵੇਖ ਕੇ ਸਿੱਧਾਂ ਨੇ ਸੋਚਿਆ ਕਿ ਜਿਵੇਂ ਵੀ ਹੋ ਸਕੇ, ਇਸ ਨੂੰ ਜੋਗੀ ਬਣਾਇਆ ਜਾਵੇ ਅਤੇ ਉਨ੍ਹਾਂ ਰਾਹੀਂ ਜੋਗੀ ਪੰਥ ਨੂੰ ਜਗ ਵਿੱਚ ਚਮਕਾਇਆ ਜਾਵੇ । ਯਥਾ:

*ਸਿਧੀ ਮਨੇ ਬੀਚਾਰਿਆ ਕਿਵੈ ਦਰਸਨੁ[੧] ਏ ਲੇਵੈ ਬਾਲਾ[੨] ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ ।*
*ਫਿਰਿ ਆਇਆ ਗੁਰ, ਨਾਥ ਜੀ ! ਪਾਣੀ [੩]ਠਉੜ ਨਾਹੀ ਉਸਿ ਤਾਲਾ ।[੪]*

ਉਨ੍ਹਾਂ ਨੇ ਗੁਰੂ ਜੀ ਨੂੰ ਰਿਧੀਆਂ-ਸਿਧੀਆਂ ਵਿਖਾ ਕੇ ਭਰਮਾਉਣ ਵਸਾਉਣ ਦੀ ਦਲੀਲ ਕੀਤੀ । ਉਨ੍ਹਾਂ ਨੇ ਆਪ ਨੂੰ ਕਿਹਾ, 'ਇਹ ਖੱਪਰ (ਚਿੱਪੀ) ਲੈ ਜਾਉ ਅਤੇ ਉਸ ਸਾਹਮਣੇ ਵਾਲੇ ਤਾਲ ਵਿੱਚੋਂ ਪਾਣੀ ਲੈ ਆਓ !' ਜਾਂ ਗੁਰੂ ਜੀ ਉਥੇ ਪੁੱਜੇ, ਤਾਂ ਕੀ ਵੇਖਦੇ ਹਨ ਕਿ ਤਾਲ ਵਿੱਚ ਪਾਣੀ ਦੇ ਥਾਂ ਹੀਰੇ-ਜਵਾਹਰ ਜਗ-ਮਗ, ਜਗ-ਮਗ ਕਰ ਰਹੇ ਹਨ । ਇਹ ਸਿੱਧਾਂ ਨੇ ਆਪਣੀ ਸਿੱਧ-ਸ਼ਕਤੀ ਵਰਤ ਕੇ ਵਿਖਾਏ ਸਨ । ਉਨ੍ਹਾਂ ਦਾ ਖਿਆਲ ਸੀ ਕਿ ਗੁਰੂ ਜੀ ਮਾਇਆ ਦੇ

*੧ ਧਰਮ । ੨ ਗੱਭਰੂ, ਬਾਲਕਾ । ੩ ਠਹਿਰਨ ਦੀ ਥਾਂ, ਤਾਲ ਵਿਚ ਪਾਣੀ ਠਹਿਰਣ ਦੀ ਥਾਂ ਹੀ ਨਹੀਂ । ੪ ਭਾਈ ਗੁਰਦਾਸ ਵਾਰ ੧, ੩੧, ।*

ਇਸ ਵਿਖਾਵੇ ਨਾਲ ਲਾਲਚ ਵਿੱਚ ਆ ਜਾਣਗੇ ਅਤੇ ਫੇਰ ਜੋਗੀ ਬਣਾਏ ਜਾ ਸਕਣਗੇ ਪਰ ਗੁਰੂ ਜੀ ਉਪਰ ਇਸ ਵਿਖਾਵੇ ਦਾ ਕੋਈ ਅਸਰ ਨਾ ਹੋਇਆ । ਉਹ ਖਾਲੀ ਚਿੱਪੀ ਲੈ ਕੇ ਮੁੜ ਆਏ ਤੇ ਕਹਿਣ ਲੱਗੇ, 'ਪਾਣੀ ਠਉੜ ਨਾਹੀਂ ਉਸ ਤਾਲਾ ।'

ਜਦ ਗੁਰੂ ਜੀ ਮਾਇਆ ਦੇ ਜਾਲ ਵਿੱਚ ਨਾ ਫਸੇ ਅਤੇ ਕਰਾਮਾਤਾਂ ਦੇ ਲਾਲਚ ਵਿੱਚ ਨਾ ਆਏ, ਤਾਂ ਸਿੱਧਾਂ ਨੇ ਦਿਮਾਗੀ ਮੁਕਾਬਲੇ ਅਤੇ ਗਿਆਨ ਗੋਸ਼ਟ ਰਾਹੀਂ ਉਨ੍ਹਾਂ ਨੂੰ ਹਰਾਉਣਾ ਚਾਹਿਆ ਪਰ ਉਨ੍ਹਾਂ ਨੂੰ ਹਰਾਉਂਦੇ-ਹਰਾਉਂਦੇ ਆਪ ਹਾਰ ਖਾ ਗਏ ।[1] ਉਨ੍ਹਾਂ ਸਭ ਦੀ ਪੂਰੀ-ਪੂਰੀ ਨਿਸ਼ਾ ਹੋ ਗਈ । ਉਹ ਮਨ ਗਏ ਕਿ ਧਰਮ ਤੇ ਧਾਰਮਕ ਜੀਵਨ ਬਾਰੇ ਗੁਰੂ ਜੀ ਦੇ ਖਿਆਲ ਅਤੇ ਸਿਧਾਂਤ ਠੀਕ ਹਨ ਅਤੇ ਸਾਡਾ ਰਾਹ ਗਲਤ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੇ ਗੁਰੂ ਜੀ ਦੇ ਸਿੱਖ ਬਣ ਗਏ । ਸਿੱਖੀ ਧਾਰਨ ਵਾਲੇ ਇਨ੍ਹਾਂ ਜੋਗੀਆਂ ਵਿੱਚੋਂ ਸਭ ਤੋਂ ਉੱਘਾ ਭਰਥਰੀ ਜੋਗੀ ਸੀ, ਜਿਸ ਨੇ ਅੱਗੇ ਕਜਲੀ-ਬਨ (ਦੱਖਣ) ਵਿੱਚ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਉਪਦੇਸ਼ ਸੁਣਿਆ ਸੀ ।

ਮਾਨਸਰੋਵਰ ਤੋਂ ਗੁਰੂ ਜੀ ਪਿਛਾਂਹ ਹੇਠਾਂ ਨੂੰ ਮੁੜੇ । ਨਿਪਾਲ, ਸਿੱਕਮ ਤੇ ਭੂਟਾਨ ਦੇ ਰਾਹ ਹੁੰਦੇ ਹੋਏ ਆਪ ਚੀਨ ਜਾ ਪਹੁੰਚੇ । ਚੀਨ ਵਿੱਚ ਉਹ ਨਾਨਕਿਨ ਤੱਕ ਜ਼ਰੂਰ ਅਤੇ ਸ਼ਾਇਦ ਅਗਾਂਹ ਤੀਕ ਵੀ ਗਏ । ਫਿਰ ਉਹ ਤਿੱਬਤ ਵਿੱਚ ਲਾਸਾ ਤੀਕ ਗਏ । ਓਥੋਂ ਪਹਾੜਾਂ ਉਪਰ ਦੀ ਹੁੰਦੇ ਹੋਏ ਲਦਾਖ, ਸਿਰੀਨਗਰ, ਜੰਮੂ ਤੇ ਸਿਆਲਕੋਟ ਦੇ ਰਾਹ ਉਹ ਮੁੜ ਪੰਜਾਬ ਵਿੱਚ ਆ ਗਏ ਅਤੇ ਸੰਮਤ ੧੫੭੫ ਵਿੱਚ ਕਰਤਾਰਪੁਰ ਆ ਟਿਕੇ ।

ਇਸ ਤਰ੍ਹਾਂ ਆਪ ਦੀ ਤੀਜੀ ਉਤਰਾ-ਖੰਡ ਦੀ ਉਦਾਸੀ ਸੰਪੂਰਨ ਹੋਈ ।

☬ ☬ ☬

੧ ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ ।
ਕਲਿਜੁਗਿ ਨਾਨਕ ਨਾਮੁ ਸੁਖਾਲਾ ॥੩੧॥ (ਭਾਈ ਗੁਰਦਾਸ ਵਾਰ, ੧)



## ਕਾਂਡ ੧੭

# ਚੌਥੀ ਉਦਾਸੀ ਪੱਛਮ ਦੀ-੧

## (ਸੰਮਤ ੧੫੭੫ ਤੋਂ ੧੫੭੯)

### ਮੱਕਾ ਸ਼ਰੀਫ ਤੇ ਬਗਦਾਦ

ਹਾਜੀ–ਤੀਜੀ ਉਦਾਸੀ ਸੰਪੂਰਨ ਕਰਨ ਮਗਰੋਂ ਗੁਰੂ ਜੀ ਕੁਝ ਮਹੀਨੇ ਕਰਤਾਰਪੁਰ ਟਿਕੇ । ਫੇਰ ਉਸੇ ਸਾਲ (ਸੰਮਤ ੧੫੭੫ ਵਿੱਚ) ਉਨ੍ਹਾਂ ਨੇ ਚੌਥੀ ਉਦਾਸੀ 'ਤੇ ਚੜ੍ਹਨ ਦੀ ਤਿਆਰੀ ਕਰ ਲਈ । ਇਸ ਵੇਰ ਆਪ ਨੇ ਪੱਛਮ ਵੱਲ ਦੀ ਮੁਸਲਮਾਨੀ ਅਸਥਾਨਾਂ ਦੀ ਯਾਤਰਾ ਦਾ ਫੈਸਲਾ ਕੀਤਾ ਅਤੇ ਸਭ ਤੋਂ ਪਹਿਲਾਂ ਮੱਕੇ ਸ਼ਰੀਫ ਜਾਣ ਦੀ ਦਲੀਲ ਧਾਰੀ । ਮੱਕੇ ਸ਼ਰੀਫ ਦੀ ਯਾਤਰਾ ਨੂੰ ਹੱਜ ਆਖਦੇ ਹਨ ਅਤੇ ਅਜਿਹੀ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਹਾਜੀ । ਸੋ, ਗੁਰੂ ਜੀ ਹਾਜੀਆਂ ਵਾਂਗ ਹੱਜ 'ਤੇ ਜਾ ਰਹੇ ਸਨ । ਇਸ ਕਰ ਕੇ ਉਨ੍ਹਾਂ ਨੇ ਬਾਣਾ ਵੀ ਹਾਜੀਆਂ ਵਾਲਾ ਹੀ ਪਹਿਨਿਆ– ਬਸਤਰ (ਕੱਪੜੇ) ਨੀਲੇ, ਇਕ ਕੱਛ ਵਿੱਚ ਬਸਤਾ ਜਿਸ ਵਿੱਚ ਵਲ੍ਹੇਟਿਆ ਹੋਇਆ ਗੁਰ-ਸ਼ਬਦਾਂ ਦਾ ਸੰਗ੍ਰਹਿ ਸੀ (ਜੀਕਰ ਮੁਸਲਮਾਨ ਕੁਰਾਨ ਸ਼ਰੀਫ ਰੱਖਦੇ ਹਨ), ਦੂਜੀ ਕੱਛ ਵਿੱਚ ਮੁਸੱਲਾ (ਉਤੇ ਬਹਿ ਕੇ ਬੰਦਗੀ ਕਰਨ ਲਈ ਫੂੜ੍ਹੀ ਜਾਂ ਦਰੀ), ਇਕ ਹੱਥ ਵਿੱਚ ਆਸਾ (ਸੋਟਾ) ਅਤੇ ਦੂਜੇ ਵਿੱਚ ਲੋਟਾ* । ਇਸ ਬਾਣੇ ਵਿੱਚ ਆਪ ਪੂਰੇ-ਪੂਰੇ ਹਾਜੀ ਮਲੂਮ ਹੁੰਦੇ ਸਨ । ਭਾਈ ਮਰਦਾਨਾ ਆਪ ਦੇ ਨਾਲ ਸੀ ।

ਮੱਕਾ ਸ਼ਰੀਫ–ਕਰਤਾਰਪੁਰੋਂ ਤੁਰ ਕੇ ਤਲਵੰਡੀ, ਸ਼ਕਰਪੁਰ,

*ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ ।
(ਭਾਈ ਗੁਰਦਾਸ ਵਾਰ ੧, ੩੨)

ਰੁਹਤਾਸ, ਗਾਜ਼ੀ ਖਾਂ ਆਦਿ ਥਾਵਾਂ ਤੋਂ ਹੁੰਦੇ ਹੋਏ ਅਤੇ ਸਭ ਥਾਈਂ ਸੱਚੇ ਧਰਮ ਦਾ ਪ੍ਰਚਾਰ ਕਰਦੇ-੨ ਆਪ ਸਿੰਧ ਜਾ ਪੁੱਜੇ । ਉਥੋਂ ਉਹ ਹਾਜੀਆਂ ਦੇ ਇਕ ਜੱਥੇ ਨਾਲ ਰਲ ਕੇ ਮੱਕੇ ਸ਼ਰੀਫ ਜਾ ਅੱਪੜੇ । ਉਥੇ ਪੁਜਦਿਆਂ ਸਾਰ ਹੀ ਆਪ ਨੇ ਲੋਕਾਂ ਦੇ ਭਰਮ ਤੋੜਨ, ਅਗਿਆਨਤਾ ਦੂਰ ਕਰਨ ਅਤੇ ਸੱਚੇ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਅਰੰਭ ਕਰ ਦਿੱਤਾ । ਆਪਣੇ ਨਿੱਤ ਦੇ ਢੰਗ ਮੂਜਬ ਆਪ ਨੇ ਅਜਿਹਾ ਕੰਮ ਕੀਤਾ ਜਿਸ ਨੂੰ ਵੇਖ ਕੇ ਲੋਕੀਂ ਉਨ੍ਹਾਂ ਦੇ ਉਦਾਲੇ ਆ ਜੁੜਨ ਅਤੇ ਜਿਸ ਰਾਹੀਂ ਉਨ੍ਹਾਂ ਦਾ ਵੱਡਾ ਭਰਮ-ਭੁਲੇਖਾ ਦੂਰ ਕੀਤਾ ਜਾ ਸਕੇ ।

ਆਪ ਕਾਹਬੇ ਵੱਲ ਪੈਰ ਪਸਾਰ ਕੇ ਸੌਂ ਗਏ । ਸਭ ਜਾਣਦੇ ਹਨ ਕਿ ਦੁਨੀਆਂ ਭਰ ਵਿੱਚ ਕਿਸੇ ਵੀ ਥਾਂ ਮੁਸਲਮਾਨ ਕਾਹਬੇ ਵੱਲ ਪੈਰ ਪਸਾਰ ਕੇ ਨਹੀਂ ਪੈਂਦਾ । ਅਜਿਹਾ ਕਰਨ ਨੂੰ ਉਹ ਵੱਡਾ ਗੁਨਾਹ ਅਤੇ ਕਾਹਬੇ ਦੀ ਬੇਅਦਬੀ ਸਮਝਦੇ ਹਨ । ਇਸ ਕਰ ਕੇ ਕਿਸੇ ਨੂੰ ਧੁਰ ਮੱਕੇ ਸ਼ਰੀਫ ਵਿੱਚ ਹੀ ਕਾਹਬੇ ਵੱਲ ਪੈਰ ਕਰ ਕੇ ਸੁੱਤਾ ਵੇਖ ਕੇ ਮੁਸਲਮਾਨਾਂ ਦੇ ਦਿਲ ਵਿੱਚ ਕੀ ਗੁਜ਼ਰੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ । ਗੁਰੂ ਜੀ ਵੀ ਇਹ ਗੱਲ ਸਮਝਦੇ ਸਨ ਪਰ ਆਪ ਨਿਰਭੈ ਸਨ, ਆਪ ਸੱਚ-ਧਰਮ ਦੇ ਪ੍ਰਚਾਰ ਲਈ ਹਰ ਪ੍ਰਕਾਰ ਦਾ ਖ਼ਤਰਾ ਝੱਲਣ ਨੂੰ ਹਰ ਸਮੇਂ ਤਿਆਰ ਰਹਿੰਦੇ ਸਨ ।

ਗੁਰੂ ਜੀ ਨੂੰ ਇਸ ਤਰ੍ਹਾਂ ਸੁੱਤਿਆਂ ਵੇਖ ਕੇ ਹਾਜੀ ਰੌਲਾ ਪਾਉਣ ਲੱਗ ਪਏ । ਜੀਵਣ ਨਾਮੇ ਇਕ ਪੰਜਾਬੀ ਹਾਜੀ ਨੇ ਗੁੱਸੇ ਵਿੱਚ ਆ ਕੇ ਗੁਰੂ ਜੀ ਨੂੰ ਠੁੱਡ ਮਾਰਿਆ ਅਤੇ ਕਿਹਾ, 'ਤੂੰ ਕੌਣ ਕਾਫਰ ਹੈਂ ਜੋ ਖੁਦਾ ਦੇ ਘਰ ਵੱਲ ਪੈਰ ਪਸਾਰੀ ਪਿਆ ਹੈਂ ? ਕੋਈ ਹੋਸ਼ ਕਰ ! ਇਹ ਖੁਦਾ ਦੇ ਘਰ ਦੀ ਬੇਅਦਬੀ ਹੈ, ਵੱਡਾ ਗੁਨਾਹ ਹੈ ।'

ਗੁਰੂ ਜੀ ਨੇ ਬੜੀ ਮਿੱਠੀ ਤੇ ਸ਼ਾਂਤੀ ਭਰੀ ਆਵਾਜ਼ ਵਿੱਚ



ਕਿਹਾ, 'ਮਿੱਤਰਾ ਮੈਂ ਪਰਦੇਸੀ ਹਾਂ, ਥੱਕਾ ਹੋਇਆ ਹਾਂ । ਜਿੱਧਰ ਰੱਬ ਦਾ ਘਰ ਨਹੀਂ, ਮੇਰੀਆਂ ਲੱਤਾਂ ਉਧਰ ਨੂੰ ਕਰ ਦੇ ।'

ਜੀਵਣ ਨੇ ਕਰੋਧ ਵਿੱਚ ਆ ਕੇ ਗੁਰੂ ਜੀ ਦੀਆਂ ਲੱਤਾਂ ਘਸੀਟ ਕੇ ਉਸ ਪਾਸੇ ਨੂੰ ਕੀਤੀਆਂ ਜਿੱਧਰ ਕਾਹਬਾ ਨਹੀਂ ਸੀ ਪਰ ਜਾਂ ਉਸ ਨੇ ਉਤਾਂਹ ਤੱਕਿਆ, ਤਾਂ ਵੇਖਿਆ ਕਿ ਜਿਸ ਪਾਸੇ ਗੁਰੂ ਜੀ ਦੇ ਪੈਰ ਹੁਣ ਕੀਤੇ ਗਏ ਹਨ, ਓਧਰ ਹੀ ਕਾਹਬਾ ਖੜਾ ਹੈ। ਜੀਵਣ ਨੇ ਲੱਤਾਂ ਹੋਰ ਪਾਸੇ ਕੀਤੀਆਂ । ਕਾਹਬਾ ਵੀ ਉਸੇ ਪਾਸੇ ਖੜ੍ਹਾ ਸਭ ਨੂੰ ਦਿੱਸਿਆ । ਜੀਵਣ ਤੇ ਹੋਰ ਹਾਜੀ ਹੈਰਾਨ ਹੋ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, 'ਵੇਖ ਲਿਆ ਜੇ ਮਿੱਤਰੋ ਕਿ ਰੱਬ ਦਾ ਘਰ ਤਾਂ ਹਰ ਪਾਸੇ ਹੈ । ਤੁਹਾਡੇ ਕੁਰਾਨ ਸ਼ਰੀਫ ਵਿੱਚ ਵੀ ਲਿਖਿਆ ਹੈ, ਅੱਲਾ ਪੂਰਬ ਵਿੱਚ ਹੈ ਤੇ ਪੱਛਮ ਵਿੱਚ ਵੀ । ਤੁਸੀਂ ਜਿੱਧਰ ਮੂੰਹ ਕਰੋ, ਓਧਰ ਹੀ ਅੱਲਾ ਦਾ ਮੂੰਹ ਹੈ । ਤੁਸੀਂ ਹਜ਼ਰਤ ਸਾਹਿਬ ਦੇ ਬਚਨ ਭੁੱਲ ਗਏ ਹੋ, ਕਾਫ਼ਰ ਤੁਸੀਂ ਹੋ ਕਿ ਮੈਂ ?'

ਉਨ੍ਹਾਂ ਸਭ ਦੀਆਂ ਅੱਖਾਂ ਖੁੱਲ੍ਹ ਗਈਆਂ । ਉਨ੍ਹਾਂ ਨੂੰ ਸਾਰੀ ਪਾਸੀਂ ਖ਼ੁਦਾ ਤੇ ਖ਼ੁਦਾ ਦਾ ਵਾਸ ਜਾਂ ਘਰ ਦਿੱਸਣ ਲੱਗ ਪਿਆ ।*

ਅਗਲੀ ਸਵੇਰ ਬਹੁਤ ਸਾਰੇ ਹਾਜੀ ਗੁਰੂ ਜੀ ਦੇ ਓਦਾਲੇ ਆ ਜੁੜੇ ਅਤੇ ਲੱਗੇ ਓਨ੍ਹਾਂ ਨਾਲ ਚਰਚਾ ਕਰਨ । ਮਖਦੂਮ ਰੁਕਨ ਦੀਨ ਓਨ੍ਹਾਂ ਦਾ ਮੁਖੀ ਸੀ । ਓਨ੍ਹਾਂ ਪੁਛਿਆ, 'ਤੁਸੀਂ ਹਿੰਦੂ ਹੋ ਕਿ ਮੁਸਲਮਾਨ ?' ਗੁਰੂ ਜੀ ਨੇ ਕਿਹਾ, ਕਿ 'ਨਾ ਮੈਂ ਹਿੰਦੂ ਹਾਂ, ਨਾ ਮੈਂ ਮੁਸਲਮਾਨ ਹਾਂ, ਮੈਂ ਤਾਂ ਅੱਲ੍ਹਾ ਮੀਆਂ ਦਾ ਰਚਿਆ ਪੰਜਾਂ ਤੱਤਾਂ ਦਾ ਪੁਤਲਾ ਹਾਂ ।' ਫੇਰ ਉਨ੍ਹਾਂ ਨੇ ਪੁੱਛਿਆ, 'ਹਿੰਦੂ ਵੱਡਾ ਹੈ ਕਿ

*ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ ।
ਜੀਵਣਿ ਮਾਰੀ ਲਤਿ ਦੀ, ਕਿਹੜਾ ਸੁਤਾ ਕੁਫਰ ਕੁਫਾਰੀ[1] ।
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ[2]।
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ[3] ।
ਹੋਇ ਹੈਰਾਨੁ ਕਰੇਨਿ ਜੁਹਾਰੀ[4] ॥ ੩੨ ॥ (ਭਾਈ ਗੁਰਦਾਸ, ਵਾਰ ੧)

੧ ਕਾਫਰ । ੨ ਪਾਪੀ । ੩ ਬੇ-ਅਦਬ, ੪ ਨਸਮਕਾਰ ।

ਮੁਸਲਮਾਨ ?'

ਗੁਰੂ ਜੀ– ਹਿੰਦੂ ਜਾਂ ਮੁਸਲਮਾਨ ਹੋਣ ਜਾਂ ਅਖਵਾਉਣ ਨਾਲ ਬੰਦਾ ਵੱਡਾ ਜਾਂ ਨਿੱਕਾ, ਉੱਚਾ ਜਾਂ ਨੀਵਾਂ, ਚੰਗਾ ਜਾਂ ਮੰਦਾ ਨਹੀਂ ਹੋ ਸਕਦਾ । ਚੰਗਾ ਜਾਂ ਵੱਡਾ ਉਹ ਹੈ, ਜਿਸ ਦੀ ਕਰਨੀ ਚੰਗੀ ਹੈ । ਭੈੜੇ ਤੇ ਨੀਵੇਂ ਕੰਮ ਕਰਨ ਵਾਲਾ ਹਿੰਦੂ ਭੀ ਨੀਵਾਂ ਤੇ ਭੈੜਾ ਹੈ ਅਤੇ ਮੁਸਲਮਾਨ ਵੀ ।'[੧]

ਫੇਰ ਹੋਰ ਵਿਚਾਰ ਹੋਈ, ਤਾਂ ਗੁਰੂ ਜੀ ਨੇ ਕਿਹਾ, 'ਮਰਨ ਮਗਰੋਂ ਬੰਦੇ ਦੇ ਚੰਗੇ-ਮੰਦੇ ਕੰਮ ਹੀ ਉਸ ਦੇ ਨਾਲ ਜਾਂਦੇ ਹਨ ਅਤੇ ਉਨ੍ਹਾਂ ਦਾ ਚੰਗਾ-ਮੰਦਾ ਫਲ ਉਸ ਨੂੰ ਭੋਗਣਾ ਪੈਂਦਾ ਹੈ । ਨਾ ਕੋਈ ਕੇਵਲ ਹਿੰਦੂ ਹੋਣ ਕਰ ਕੇ ਸੁਰਗਾਂ ਦਾ ਹੱਕਦਾਰ ਹੁੰਦਾ ਹੈ ਅਤੇ ਨਾ ਦੋਜ਼ਖ (ਮੁਸਲਮਾਨੀ ਨਰਕ) ਦਾ ਹੀ ਭਾਗੀ ਹੁੰਦਾ ਹੈ । ਇਸੇ ਤਰ੍ਹਾਂ ਕੋਈ ਬੰਦਾ ਨਾ ਕੇਵਲ ਮੁਸਲਮਾਨ ਹੋਣ ਕਰ ਕੇ ਬਹਿੱਸ਼ਤ (ਮੁਸਲਮਾਨੀ ਸੁਰਗ) ਦਾ ਹੱਕਦਾਰ ਹੁੰਦਾ ਹੈ ਤੇ ਨਾ ਹੀ ਨਰਕ (ਹਿੰਦੂਆਂ ਦੇ ਕਥੇ ਦੋਜ਼ਖ) ਦਾ ਭਾਗੀ ਹੁੰਦਾ ਹੈ । ਨਰਕ ਸੁਰਗ ਜਾਂ ਬਹਿੱਸ਼ਤ ਦੋਜ਼ਖ ਦਾ ਨਿਬੇੜਾ ਤਾਂ ਜਗ ਵਿੱਚ ਕੀਤੇ ਕੰਮਾਂ ਅਨੁਸਾਰ ਹੁੰਦਾ ਹੈ । ਮੰਦੇ ਕੰਮ ਕਰਨ ਵਾਲੇ ਪਾਪੀ (ਨਾ ਹਿੰਦੂਆਂ ਨੂੰ ਤੇ ਨਾ ਮੁਸਲਮਾਨਾਂ) ਨੂੰ ਰੱਬ ਦੀ ਦਰਗਾਹ ਢੋਈ ਨਹੀਂ ਮਿਲਦੀ ।'

ਜਾਂ ਹੋਰ ਗੱਲਾਂ ਹੋਈਆਂ, ਤਾਂ ਗੁਰੂ ਜੀ ਨੇ ਕਿਹਾ, 'ਮੁਰਦੇ ਦੇ ਕਬਰ ਵਿੱਚ ਦੱਬੇ ਜਾਣ ਨਾਲ ਬੰਦੇ ਨੂੰ ਬਹਿਸ਼ਤ ਨਹੀਂ ਮਿਲਦੀ

*੧ ਪੁਛਨਿ ਗਲ ਈਮਾਨ ਦੀ, ਕਾਜੀ ਮੁਲਾਂ ਇਕਠੇ ਹੋਈ ।*
*ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ ।*
*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?*
*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ ।*
*ਹਿੰਦੂ ਮੁਸਲਮਾਨ ਦੁਇ ਦਰਗਹਿ ਅੰਦਰਿ ਲਹਨਿ ਨ ਢੋਈ ।*
*(ਭਾਈ ਗੁਰਦਾਸ ਵਰ ੧, ੩੩)*



ਅਤੇ ਸਾੜੇ ਸਸਕਾਰੇ ਜਾਣ ਨਾਲ ਜੀਵਾਤਮਾਂ ਨੂੰ ਦੋਜ਼ਖੀ ਨਹੀਂ ਬਣਨਾ ਪੈਂਦਾ । ਮੁਰਦੇ ਨੂੰ ਦੱਬਣਾ ਜਾਂ ਸਾੜਨਾ, ਜਾਂ ਕਿਸੇ ਹੋਰ ਢੰਗ ਨਾਲ ਬਿਲੇ ਲਾਉਣਾ, ਤਾਂ ਵੱਖ-ਵੱਖ ਦੇਸਾਂ ਦੀ ਆਪੋ-ਆਪਣੀ ਚਾਲ ਹੈ । ਬਾਕੀ ਰਹੀ ਰਸੂਲ ਸਾਹਿਬ ਦੀ ਅਗਲੇ ਜਹਾਨੇ ਸਹਾਇਤਾ ਦੀ ਗੱਲ ਮੇਰਾ ਤਾਂ ਵਿਸ਼ਵਾਸ ਹੈ ਕਿ ਜੋ ਰੱਬ ਦੇ ਲੜ ਲੱਗ ਗਿਆ ਹੈ, ਉਸ ਦਾ ਹੋ ਗਿਆ ਹੈ, ਉਸ ਨੂੰ ਅੱਗੇ ਦਰਗਾਹੇ ਜਾ ਕੇ ਕਿਸੇ ਵਿਚੋਲੇ ਜਾਂ ਰਸੂਲ ਦੀ ਲੋੜ ਨਹੀਂ । ਜਿਹੜੇ ਪਾਪੀ ਹਨ, ਪਾਪ ਕਮਾਉਂਦੇ ਹਨ, ਉਨ੍ਹਾਂ ਨੂੰ ਮੰਦੇ ਕੰਮਾਂ ਦੇ ਫਲ ਕੋਈ ਰਸੂਲ ਨਹੀਂ ਟਾਲ ਸਕਦਾ । ਹਰੇਕ ਨੂੰ ਮੰਦਾ ਚੰਗਾ ਆਪਣਾ ਆਪ ਹੀ ਕੀਤਾ ਪਾਵਣਾ ਪੈਂਦਾ ਹੈ । ਸੱਚ ਤਾਂ ਇਹ ਹੈ ਕਿ ਲੱਖਾਂ ਹੀ ਰਸੂਲ ਉਸ ਰੱਬ ਦੇ ਦਰ ਦੇ ਮੰਗਤੇ ਹਨ । ਫੇਰ ਉਨ੍ਹਾਂ ਤੋਂ ਮੰਗਣ ਦੀ ਥਾਂ ਸਿਧੇ ਰੱਬ ਕੋਲੋਂ ਹੀ ਕਿਉਂ ਨਾ ਮੰਗ ਲਈਏ ?

ਇਸ ਤਰ੍ਹਾਂ ਚੋਖਾ ਚਿਰ ਚਰਚਾ ਹੁੰਦੀ ਰਹੀ । ਸਭ ਦੀ ਨਿਸ਼ਾ ਹੋ ਗਈ । ਉਥੇ ਜੁੜੇ ਹਾਜੀਆਂ ਨੇ ਗੁਰੂ ਜੀ ਦੇ ਉਪਦੇਸ਼ ਨੂੰ ਦਿਲਾਂ ਵਿੱਚ ਧਾਰਨ ਕੀਤਾ । ਮਖਦੂਮ ਰੁਕਨਦੀਨ ਹੋਰੀਂ ਤਾਂ ਗੁਰੂ ਜੀ ਦੇ ਚਰਨੀਂ ਢਹਿ ਪਏ ਤੇ ਕਹਿਣ ਲੱਗੇ, 'ਤੁਸਾਂ ਸਾਡਾ ਕੁਫਰ ਤੇ ਕੁਫਰ ਦਾ ਹਨੇਰ ਦੂਰ ਕੀਤਾ ਹੈ । ਅਸੀਂ ਤੁਹਾਨੂੰ ਆਪਣਾ ਰਹਿਬਰ (ਰਾਹ ਦੱਸਣ ਵਾਲਾ ਧਰਮ-ਆਗੂ) ਮੰਨਦੇ ਹਾਂ । ਇਸ ਮੁਲਾਕਾਤ ਦੀ ਕੋਈ ਨਿਸ਼ਾਨੀ ਮੈਨੂੰ ਬਖਸ਼ੋ । ਗੁਰੂ ਜੀ ਨੇ ਆਪਣੀ ਖੜਾਂ ਉਸ ਨੂੰ ਦਿੱਤੀ । ਉਹ ਖੜਾਂ ਮਖਦੂਮ ਹੋਰਾਂ ਨੇ ਬੜੇ ਆਦਰ ਸਤਿਕਾਰ ਨਾਲ ਆਪਦੇ ਅਸਥਾਨ ਟਿਕਾਈ[੧] । ਮਗਰੋਂ ਹਿੰਦੁਸਤਾਨ ਆਉਂਦੇ ਹੋਏ ਉਹ ਉਸ ਨੂੰ ਏਧਰ ਲੈ ਆਏ । ਉਹ ਹੁਣ ਤੀਕ ਉਨ੍ਹਾਂ ਦੀ ਔਲਾਦ, ਉੱਚ (ਬਹਾਵਲਪੁਰ) ਦੇ ਪੀਰਾਂ ਪਾਸ ਮੌਜੂਦ ਦਸੀਦੀ ਹੈ ।

*੧ ਧਰੀ ਨਿਸਾਨੀ ਕਉਸਿ* ਦੀ ਮਕੇ ਅੰਦਰਿ ਪੂਜ ਕਰਾਈ ।* *ਖੜਾਂ
*(ਭਾਈ ਗੁਰਦਾਸ, ਵਾਰ ੧, ੩੪)*

ਤੁਰਕੀ– ਮੱਕੇ ਤੋਂ ਗੁਰੂ ਜੀ ਮਦੀਨੇ ਗਏ । ਉਥੇ ਵੀ ਉਨ੍ਹਾਂ ਨੇ ਸੱਚ ਧਰਮ ਦਾ ਉਪਦੇਸ਼ ਕੀਤਾ ਅਤੇ ਸਿੱਖ ਬਣਾਏ । ਫੇਰ ਉਹ ਹੋਰ ਪਾਸੇ ਉੱਤਰ ਤੇ ਪੱਛਮ ਵੱਲ ਨੂੰ ਹੁੰਦੇ ਹੋਏ ਪਹਿਲਾਂ ਮਿਸਰ ਤੇ ਸੁਡਾਨ ਅਤੇ ਮਗਰੋਂ ਤੁਰਕੀ ਜਾ ਪੁੱਜੇ । ਤੁਰਕੀ ਦਾ ਬਾਦਸ਼ਾਹ ਬੜਾ ਜਾਬਰ ਤੇ ਜ਼ਾਲਮ ਸੀ । ਆਪ ਬੜੀ ਨਿਰਭੈਤਾ ਤੇ ਦਲੇਰੀ ਨਾਲ ਉਸ ਨੂੰ ਮਿਲੇ । ਆਪ ਨੇ ਉਸ ਨੂੰ ਪਰਜਾ ਉਪਰ ਜਬਰ ਤੇ ਜ਼ੁਲਮ ਕਰਨਾ ਛੱਡ ਕੇ ਦਇਆ ਤੇ ਨਿਆਂ ਦਾ ਰਾਜ ਕਰਨ ਦਾ ਉਪਦੇਸ਼ ਦਿੱਤਾ । ਉਸ ਨੇ ਅਜਿਹੀ ਵਰਤੋਂ ਕਰਨ ਦਾ ਇਕਰਾਰ ਕੀਤਾ ।

ਬਗਦਾਦ– ਤੁਰਕੀ ਵਿੱਚ ਸੱਚ-ਧਰਮ ਦਾ ਪ੍ਰਚਾਰ ਕਰ ਕੇ ਗੁਰੂ ਜੀ ਵਾਪਸ ਮੁੜੇ । ਫਿਰਦੇ-ਤੁਰਦੇ ਅਤੇ ਰੱਬੀ-ਕਾਰ ਕਰਦੇ ਆਪ ਬਗਦਾਦ ਪਹੁੰਚ ਗਏ । ਉਹ ਸ਼ਹਿਰ ਵੀ ਇਸਲਾਮ ਦਾ ਵੱਡਾ ਕੇਂਦਰ ਸੀ ।

ਗੁਰੂ ਜੀ ਨਗਰੋਂ ਬਾਹਰ ਇਕ ਇਕਾਂਤ ਥਾਂ 'ਤੇ ਜਾ ਟਿਕੇ। ਅਗਲੇ ਦਿਨ ਦਾ ਅੰਮ੍ਰਿਤ ਵੇਲਾ ਹੋਇਆ । ਮੁੱਲਾਂ ਨੇ ਬਾਂਗ ਦਿੱਤੀ। ਮੁਸਲਮਾਨ ਨਮਾਜ਼ ਪੜ੍ਹਨ ਲਈ ਮਸੀਤ ਵੱਲ ਨੂੰ ਜਾਣ ਲੱਗ ਪਏ। ਗੁਰੂ ਜੀ ਨੇ ਉੱਚੀ, ਮਿੱਠੀ, ਸੁਰੀਲੀ ਅਵਾਜ਼ ਵਿੱਚ ਸਤਿ ਕਰਤਾਰ ਕਹਿਣਾ ਸ਼ੁਰੂ ਕਰ ਦਿੱਤਾ । ਇਹ ਅਨੋਖੀ ਬਾਂਗ ਸੁਣ ਕੇ ਲੋਕ ਹੈਰਾਨ ਹੋ ਗਏ । ਫੇਰ ਮਰਦਾਨਾ ਰਬਾਬ ਵਜਾਉਣ ਤੇ ਗੁਰੂ ਜੀ ਕੀਰਤਨ ਕਰਨ ਲੱਗ ਪਏ । ਲੋਕੀਂ ਹੋਰ ਵੀ ਹੈਰਾਨ ਹੋਏ ਕਿ ਇਹ ਕੌਣ ਹੈ ? ਇਸਲਾਮ ਵਿੱਚ ਰਾਗ ਦੀ ਮਨਾਹੀ ਸਮਝੀ ਜਾਂਦੀ ਹੋਣ ਕਰ ਕੇ ਉਨ੍ਹਾਂ ਲੋਕਾਂ ਨੂੰ ਗੁਰੂ ਜੀ ਵਿਰੁੱਧ ਬੜਾ ਗੁੱਸਾ ਆਇਆ ਕਿ ਇਸਲਾਮ ਦੇ ਇਸ ਗੜ੍ਹ ਵਿੱਚ ਕਿਹੜਾ ਹੋਵੇ ਇਸਲਾਮੀ ਸ਼ਰ੍ਹਾ ਦੀ ਉਲੰਘਣਾ ਕਰਨ ਵਾਲਾ ? ਉਨ੍ਹਾਂ ਨੇ ਬਗਦਾਦ ਦੇ ਪੀਰ ਤੇ ਹਾਕਮ ਪਾਸ ਜਾ ਰਿਪੋਟ ਕੀਤੀ । ਉਸ ਨੇ ਅੱਗੋਂ ਹੁਕਮ ਦਿੱਤਾ ਕਿ ਇਸ ਅਨੋਖੇ ਇਸਲਾਮ-ਵਿਰੋਧੀ ਪਰਦੇਸੀ ਨੂੰ ਸੰਗਸਾਰ (ਪੱਥਰ ਮਾਰ-ਮਾਰ ਕੇ ਮਾਰ ਘੱਤਿਆ) ਕੀਤਾ ਜਾਵੇ।



ਲੋਕ ਪੱਥਰ ਵੱਟੇ ਚੁੱਕ ਕੇ ਗੁਰੂ ਜੀ ਵੱਲ ਆਏ ਪਰ ਗੁਰੂ ਜੀ ਦੇ ਰੱਬੀ-ਨੂਰ ਭਰੇ ਚਿਹਰੇ ਵੱਲ ਵੇਖ ਕੇ ਸਾਰੇ ਠਠੰਬਰ ਗਏ। ਉਨ੍ਹਾਂ ਵਿੱਚ ਪੱਥਰ ਮਾਰਨ ਦੀ ਹਿੰਮਤ (ਸੱਤਿਆ) ਹੀ ਨਾ ਰਹੀ । ਗੁਰੂ ਜੀ ਨੇ ਉਨ੍ਹਾਂ ਨੂੰ ਸੱਚ-ਧਰਮ ਦਾ ਉਪਦੇਸ਼ ਦਿੱਤਾ । ਉਨ੍ਹਾਂ ਦਾ ਕਰੋਧ ਦੂਰ ਹੋ ਗਿਆ, ਉਨ੍ਹਾਂ ਦੇ ਮਨ ਸ਼ਾਂਤ ਹੋ ਗਏ । ਉਨ੍ਹਾਂ ਨੇ ਪੱਥਰ ਸੁੱਟ ਦਿੱਤੇ । ਉਹ ਆਦਰ ਸਤਿਕਾਰ ਨਾਲ ਗੁਰੂ ਜੀ ਦੇ ਉਦਾਲੇ ਬਹਿ ਗਏ ਅਤੇ ਲੱਗੇ ਪ੍ਰੇਮ-ਭਾਵ ਨਾਲ ਬਚਨ ਸੁਣਨ ਅਤੇ ਉਨ੍ਹਾਂ ਦੇ ਹਿਰਦਾ-ਠਾਰੂ ਦਰਸ਼ਨ ਕਰ-ਕਰ ਕੇ ਨਿਹਾਲ ਹੋਣ।

ਇਹ ਹਾਲ ਸੁਣ ਕੇ ਪੀਰ ਦਰਸ਼ਨਾਂ ਲਈ ਆਇਆ । ਉਸ ਨੇ ਕਈ ਸਵਾਲ ਪੁੱਛੇ । ਗੁਰੂ ਜੀ ਦੇ ਬਚਨ ਸੁਣ ਕੇ ਉਸ ਦੀ ਪੂਰੀ-ਪੂਰੀ ਨਿਸ਼ਾ ਹੋ ਗਈ । ਉਨ੍ਹਾਂ ਨੇ ਉਸ ਨੂੰ ਸੱਚੇ ਰੱਬ ਦੀ ਭਗਤੀ ਕਰਨ ਦਾ ਠੀਕ ਢੰਗ ਚੱਸਿਆ, ਜਿਸ ਦਾ ਉਹ ਥਾਂ-ਥਾਂ ਪ੍ਰਚਾਰ ਕਰਦੇ ਫਿਰਦੇ ਸਨ । ਆਪ ਨੇ ਉਸ ਨੂੰ ਸਭ ਧਰਮਾਂ ਤੇ ਸਭ ਕੌਮਾਂ, ਦੇਸਾਂ ਇਨਸਾਨਾਂ ਨੂੰ ਸੱਚੇ ਰੱਬ ਦੇ ਜਾਏ ਭੈਣ-ਭਰਾ ਸਮਝ ਕੇ ਸਭ ਨਾਲ ਪਿਆਰ ਕਰਨ ਅਤੇ ਮਨੁੱਖ ਮਾਤਰ ਦੀ ਸੇਵਾ ਕਰ ਕੇ ਰੱਬ ਨੂੰ ਖੁਸ਼ ਕਰਨ ਦਾ ਉਪਦੇਸ਼ ਦਿੱਤਾ ।

ਇਸੇ ਨਗਰ ਪਾਸ ਠਹਿਰਨ ਸਮੇਂ ਆਪ ਨੂੰ ਏਥੋਂ ਦਾ ਇਕ ਫ਼ਕੀਰ ਸ਼ਾਹ ਬਹਿਲੋਲ ਮਿਲਿਆ ਤੇ ਨਿਹਾਲ ਹੋਇਆ । ਉਸ ਥਾਂ ਹੁਣ ਤੀਕ ਯਾਦਗਾਰੀ ਥੜ੍ਹਾ ਮੌਜੂਦ ਹੈ । ਥੜ੍ਹੇ ਦੇ ਪਿੱਛੇ ਕੰਧ ਵਿੱਚ ਇਕ ਇਬਾਰਤ ਉੱਕਰੀ ਹੋਈ ਹੈ । ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਉਸ ਥਾਂ ਸੰਨ ਹਿਜਰੀ ੯੨੭ (ਮੁਤਾਬਿਕ ਸੰਨ ਈਸਵੀ ੧੫੨੦-੨੧ ਅਤੇ ਸੰਮਤ ੧੫੭੭-੭੮ ਵਿੱਚ) ਉਥੇ ਬਿਰਾਜੇ ਸਨ ।

* * *

## ਕਾਂਡ ੧੮

# ਚੌਥੀ ਉਦਾਸੀ ਪੱਛਮ ਦੀ-੨

### ਵਲੀ ਕੰਧਾਰੀ, ਬਾਬਰ

ਪੰਜਾ ਸਾਹਿਬ–ਬਗਦਾਦ ਅਤੇ ਆਸ-ਪਾਸ ਦੇ ਇਲਾਕੇ ਵਿੱਚ ਸੱਚ-ਧਰਮ ਦਾ ਪ੍ਰਚਾਰ ਕਰ ਕੇ ਗੁਰੂ ਜੀ ਓਥੋਂ ਤੁਰ ਪਏ, ਈਰਾਨ, ਕੰਧਾਰ, ਅਫਗਾਨਿਸਤਾਨ ਆਦਿ ਦੇਸ਼ਾਂ ਦਾ ਚੱਕਰ ਲਾਉਂਦੇ ਤੇ ਥਾਂ-ਥਾਂ ਕਰਤਾਰ ਦਾ ਸੰਦੇਸ਼ ਦੇਂਦੇ ਸੁਣਾਉਂਦੇ ਆਪ ਦੱਰਾ ਖੈਬਰ ਦੀ ਰਾਹੀਂ ਵਾਪਸ ਦੇਸ਼ ਵਿੱਚ ਆ ਦਾਖਲ ਹੋਏ। ਅੱਟਕੋਂ ਪਾਰ ਹੋ ਕੇ ਆਪ ਹਸਨ-ਅਬਦਾਲ ਪੁੱਜੇ। ਓਥੇ ਪਹਾੜੀ ਉਪਰ ਵਲੀ ਕੰਧਾਰੀ ਨਾਂ ਦਾ ਇਕ ਫਕੀਰ ਰਹਿੰਦਾ ਸੀ। ਗੁਰੂ ਜੀ ਉਸ ਪਹਾੜੀ ਦੇ ਮੁੱਢ ਪਾਸ ਜਾ ਟਿਕੇ। ਬੜੇ ਲੋਕ ਦਰਸ਼ਨਾਂ ਲਈ ਆਉਣ ਅਤੇ ਬਚਨ ਸੁਣ ਕੇ ਸ਼ਰਧਾਲੂ ਬਣਨ ਲੱਗ ਪਏ। ਵਲੀ ਕੰਧਾਰੀ ਦੀ ਮਾਨਤਾ ਘਟਣ ਲੱਗ ਪਈ। ਉਸ ਨੂੰ ਗੁੱਸਾ ਆਇਆ। ਉਸ ਨੇ ਹਸਨ-ਅਬਦਾਲੀਆਂ ਨੂੰ ਇਸ ਦੀ ਸਜ਼ਾ ਦੇਣ ਦੀ ਦਲੀਲ ਧਾਰ ਲਈ।

ਪਹਾੜੀ ਉਪਰਲੇ ਉਸ ਦੇ ਟਿਕਾਣੇ ਪਾਸ ਪਾਣੀ ਦਾ ਚਸ਼ਮਾ ਸੀ। ਉਸ ਤੋਂ ਹੀ ਹਸਨ-ਅਬਦਾਲੀਆਂ ਲਈ ਪਾਣੀ ਵਗਦਾ ਸੀ। ਵਲੀ ਕੰਧਾਰੀ ਨੇ ਨਗਰ ਵਾਸੀਆਂ ਦਾ ਪਾਣੀ ਬੰਦ ਕਰ ਦਿੱਤਾ। ਲੋਕੀਂ ਬੜੇ ਘਬਰਾਏ। ਉਨ੍ਹਾਂ ਨੇ ਵਲੀ ਕੰਧਾਰੀ ਦੀਆਂ ਬਾਰ-ਬਾਰ ਮਿੰਨਤਾਂ ਕੀਤੀਆਂ ਕਿ ਪਾਣੀ ਖੋਲ੍ਹ ਦਿਓ, ਪਰ ਉਹ ਨਾ ਮੰਨਿਆ। ਅੱਗੋਂ ਕਹੇ, 'ਮੰਗੋ ਪਾਣੀ ਆਪਣੇ ਨਵੇਂ ਧਾਰੇ ਪੀਰ ਪਾਸੋਂ !' ਲੋਕ ਤੇ ਉਨ੍ਹਾਂ ਦੇ ਮਾਲ-ਡੰਗਰ ਪਾਣੀ ਖੁਣੋਂ ਬਹੁਤ ਦੁਖੀ ਹੋ ਗਏ।

ਉਨ੍ਹਾਂ ਨੇ ਭਾਈ ਮਰਦਾਨੇ ਨੂੰ ਪਾਣੀ ਦੇਣੋਂ ਨਾਂਹ ਕਰ ਦਿੱਤੀ।



ਉਸ ਨੂੰ ਤੇਹ ਨੇ ਤੰਗ ਕੀਤਾ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਮੈਂ ਪਾਣੀ ਕਿਥੋਂ ਪੀਵਾਂ ? ਗੁਰੂ ਜੀ ਨੇ ਉਸ ਨੂੰ ਕਿਹਾ, 'ਪਹਾੜੀ 'ਤੇ ਚੜ੍ਹ ਕੇ ਵਲੀ ਕੰਧਾਰੀ ਪਾਸ ਜਾਓ ਤੇ ਉਸ ਤੋਂ ਪਾਣੀ ਮੰਗ ਕੇ ਪੀ ਆਓ।'

ਗੁਰੂ ਜੀ ਦੇ ਹੁਕਮ ਮੁਜਬ ਭਾਈ ਮਰਦਾਨਾ ਪਹਾੜੀ 'ਤੇ ਚੜ੍ਹ ਗਿਆ। ਤੋੜ ਪੁੱਜ ਕੇ ਉਸ ਨੇ ਵਲੀ ਕੰਧਾਰੀ ਨੂੰ ਸਲਾਮ ਕੀਤੀ ਅਤੇ ਪਾਣੀ ਦਾ ਘੁੱਟ ਮੰਗਿਆ। ਉਹ ਅੱਗੇ ਹੀ ਭਰਿਆ ਪੀਤਾ ਤੇ ਸੜਿਆ ਭੁੱਜਿਆ ਬੈਠਾ ਸੀ। ਕੜਕ ਕੇ ਬੋਲਿਆ, 'ਮੇਰੇ ਪਾਸ ਕਿਉਂ ਆਇਆ ਹੈਂ ? ਆਪਣੇ ਹਿੰਦੂ ਪੀਰ ਨੂੰ ਕਹੁ ਕਿ ਤੈਨੂੰ ਪਾਣੀ ਦੇਵੇ !' ਮਰਦਾਨਾ ਵਾਪਸ ਗੁਰੂ ਜੀ ਪਾਸ ਆਇਆ। ਉਨ੍ਹਾਂ ਨੇ ਫੇਰ ਉਸ ਨੂੰ ਕਿਹਾ, 'ਫੇਰ ਜਾਹ। ਵਲੀ ਕੰਧਾਰੀ ਨੂੰ ਰੱਬ ਦਾ ਵਾਸਤਾ ਪਾ ਕੇ ਆਖੀਂ ਕਿ ਸਾਰਾ ਨਗਰ ਤਿਹਾਇਆ ਮਰ ਰਿਹਾ ਹੈ। ਤਰਸ ਕਰੋ ਤੇ ਪਾਣੀ ਛੱਡੋ। ਨਾਲੇ ਦੋ ਘੁੱਟ ਮੈਨੂੰ ਵੀ ਪੀ ਲੈਣ ਦਿਓ।'

ਤੇਹ ਦਾ ਅਕਾਇਆ ਤੇ ਹੁਕਮ ਦਾ ਬੱਧਾ ਭਾਈ ਮਰਦਾਨਾ ਫੇਰ ਪਹਾੜੀ 'ਤੇ ਚੜ੍ਹਿਆ ਅਤੇ ਸੁੱਕਾ ਜਵਾਬ ਲੈ ਕੇ ਵਾਪਸ ਆਇਆ। ਗੁਰੂ ਜੀ ਨੇ 'ਸਤਿ ਕਰਤਾਰ' ਕਹਿ ਕੇ ਆਪਣੇ ਲਾਗਿਓਂ ਇਕ ਪੱਥਰ ਉਖੇੜਿਆ। ਉਸੇ ਵੇਲੇ ਉਥੋਂ ਸਾਫ ਠੰਡੇ ਮਿੱਠੇ ਪਾਣੀ ਦਾ ਚਸ਼ਮਾ ਵਗ ਤੁਰਿਆ। ਭਾਈ ਮਰਦਾਨੇ ਨੇ ਰੱਜ ਕੇ ਪੀਤਾ। ਨਗਰ ਵਾਲਿਆਂ ਦੀ ਜਾਨ ਵਿੱਚ ਜਾਨ ਆਈ, ਉਨ੍ਹਾਂ ਦੀ ਪਾਣੀ ਸੰਬੰਧੀ ਵਲੀ ਕੰਧਾਰੀ ਦੀ ਮੁਥਾਜੀ ਸਦਾ ਲਈ ਹਟ ਗਈ। ਉਹ ਸਾਰੇ ਗੁਰੂ ਜੀ ਦੇ ਉਦਾਲੇ ਆ ਜੁੜੇ ਅਤੇ ਨਾਮ ਦੀ ਦਾਤ ਪਾ ਕੇ ਹੋਰ ਵੀ ਨਿਹਾਲ ਹੋਏ।

ਉਸ ਵੇਲੇ ਵਲੀ ਕੰਧਾਰੀ ਦਾ ਚਸ਼ਮਾ ਸੁੱਕ ਗਿਆ। ਉਸ ਦਾ ਪਾਣੀ ਹੇਠਾਂ ਜੁ ਖਿੱਚਿਆ ਜਾ ਚੁਕਿਆ ਸੀ। ਉਸ ਨੂੰ ਕ੍ਰੋਧ ਚੜ੍ਹਿਆ। ਉਸ ਨੇ ਪਹਾੜ ਦਾ ਇਕ ਵੱਡਾ ਸਾਰਾ ਟੁਕੜਾ ਸਿੱਧਾ

ਹੇਠਾਂ ਗੁਰੂ ਜੀ ਵੱਲ ਰੇੜ੍ਹਿਆ । ਗੁਰੂ ਜੀ ਨੇ ਰਿੜ੍ਹਦੀ ਆ ਰਹੀ ਚਟਾਨ ਦੀ ਅਵਾਜ਼ ਸੁਣੀ, ਪਰ ਅਡੋਲ ਬੈਠੇ ਰਹੇ । ਜਦ ਉਹ ਪਾਸ ਆ ਗਈ ਤਾਂ ਆਪ ਨੇ ਅੱਗੇ ਹੱਥ ਕਰ ਦਿੱਤਾ । ਚਟਾਨ ਉਥੇ ਹੀ ਡੱਕੀ ਗਈ । ਗੁਰੂ ਜੀ ਦਾ ਪੰਜਾ ਉਸ ਵਿੱਚ ਲੱਗ ਗਿਆ ।

ਵਲੀ ਕੰਧਾਰੀ ਦਾ ਹੰਕਾਰ ਦੂਰ ਹੋਇਆ । ਉਹ ਗੁਰੂ ਜੀ ਪਾਸ ਆਇਆ । ਉਨ੍ਹਾਂ ਦੇ ਬਚਨ ਸੁਣ ਕੇ ਉਸ ਦਾ ਮਨ ਸ਼ਾਂਤ ਤੇ ਸਾਫ ਹੋ ਗਿਆ । ਉਸ ਨੇ ਹੰਕਾਰ, ਕ੍ਰੋਧ ਤੇ ਈਰਖਾ ਤਿਆਗਣ ਅਤੇ ਮਨੁੱਖ ਮਾਤ੍ਰ ਨਾਲ ਪਿਆਰ ਤੇ ਦਯਾ ਵਾਲਾ ਸਲੂਕ ਕਰਨ ਦਾ ਪ੍ਰਣ ਕੀਤਾ ।

ਜਿਥੇ ਗੁਰੂ ਜੀ ਨੇ ਇਹ ਕੌਤਕ ਵਰਤਾਇਆ, ਉਥੇ ਮਗਰੋਂ ਗੁਰਦੁਆਰਾ ਪੰਜਾ ਸਾਹਿਬ ਕਾਇਮ ਹੋਇਆ । ਅਨੇਕਾਂ ਹੋਰ ਗੁਰਦੁਆਰਿਆਂ ਨਾਲ ਉਸ ਤੋਂ ਵੀ ਪੰਥ ਨੂੰ ਵਿਛੋੜਿਆ ਗਿਆ ਹੈ ਤੇ ਉਹ ਬੰਦ ਪਿਆ ਹੈ ।

ਬਾਬਰ– ਏਸੇ ਵੇਲੇ ਬਾਬਰ ਹਿੰਦੁਸਤਾਨ ਉਪਰ ਹੱਲਾ ਕਰਨ ਦੇ ਆਹਰ-ਪਾਹਰ ਕਰ ਰਿਹਾ ਸੀ । ਗੁਰੂ ਜੀ ਨੂੰ ਫੁਰਨਾ ਫੁਰਿਆ ਕਿ ਬਾਬਰ ਆ ਰਿਹਾ ਹੈ ਅਤੇ ਸਾਡੇ ਪਿਆਰੇ ਭਾਈ ਲਾਲੋ ਦੇ ਨਗਰ ਸੈਦ ਪੁਰ (ਐਮਨਾਬਾਦ) ਦੇ ਸਿਰ ਡਾਢੀ ਬਿਪਤਾ ਦੇ ਪਹਾੜ ਟੁੱਟਣ ਵਾਲੇ ਹਨ । ਗੁਰੂ ਜੀ ਹਸਨ ਅਬਦਾਲੋਂ ਤੁਰ ਕੇ ਕਈ ਥਾਵਾਂ ਤੋਂ ਹੁੰਦੇ ਹੋਏ ਸੈਦਪੁਰ ਪਹੁੰਚ ਗਏ । ਕੁਝ ਚਿਰ ਮਗਰੋਂ ਬਾਬਰ ਦੀਆਂ ਫੌਜਾਂ ਵੀ ਮਾਰੋ-ਮਾਰ ਕਰਦੀਆਂ ਸੈਦਪੁਰ ਉਤੇ ਆ ਪਈਆਂ । ਅੰਤ ਦੀ ਲੁੱਟ-ਮਾਰ, ਵੱਢ-ਕੱਟ ਤੇ ਤਬਾਹੀ ਹੋਈ । ਜਦ ਲੁੱਟ-ਮਾਰ ਤੇ ਕੱਟ-ਵੱਢ ਬੰਦ ਹੋਈ, ਤਾਂ ਬਚ ਰਹੇ ਮਰਦਾਂ, ਤੀਵੀਂਆਂ, ਮੁੰਡਿਆਂ ਤੇ ਕੁੜੀਆਂ ਨੂੰ ਲੁੱਟ ਦੇ ਮਾਲ ਦੀਆਂ ਪੰਡਾਂ ਚੁਕਾਈਆਂ ਗਈਆਂ ਅਤੇ ਸਭ ਨੂੰ ਬਾਬਰ ਦੇ ਡੇਰੇ ਵੱਲ ਨੂੰ ਹਿੱਕਿਆ ਗਿਆ । ਗੁਰੂ ਜੀ ਤੇ ਭਾਈ ਮਰਦਾਨਾ ਵੀ ਫੜੇ ਗਏ। ਗੁਰੂ ਜੀ ਦੇ ਸਿਰ ਉਪਰ ਵੱਡੀ ਸਾਰੀ ਪੰਡ ਧਰੀ ਗਈ । ਭਾਈ ਮਰਦਾਨੇ ਦੇ ਸਪੁਰਦ ਮੀਰ ਖਾਂ ਨਾਮੇ ਹੁੱਦੇਦਾਰ ਦਾ ਘੋੜਾ ਕੀਤਾ



ਗਿਆ ।

ਗੁਰੂ ਜੀ ਨੂੰ ਆਪਣੇ ਉਤੇ ਆਈ ਭੀੜ ਦੀ, ਜਾਂ ਸਿਰ ਉਤੇ ਚੁੱਕੀ ਪੰਡ ਦੀ ਤਕਲੀਫ ਰਤੀ ਭਰ ਵੀ ਮਹਿਸੂਸ ਨਹੀਂ ਸੀ ਹੋ ਰਹੀ । ਜੇ ਅਜਿਹੀ ਤਕਲੀਫ ਮਹਿਸੂਸ ਕਰਨੀ ਹੁੰਦੀ ਤਾਂ ਏਥੇ ਆਉਂਦੇ ਹੀ ਕਿਉਂ । ਉਨ੍ਹਾਂ ਦਾ ਦਿਲ ਤਾਂ ਆਪਣੇ ਸਾਥੀ ਕੈਦੀਆਂ-ਕੈਦਣਾਂ ਦੀ ਹਾਲਤ ਵੇਖ-ਵੇਖ ਕੇ ਭਰ ਗਿਆ ਸੀ ਤੇ ਡੁਲ੍ਹ ਰਿਹਾ ਸੀ । ਉਨ੍ਹਾਂ ਨੇ ਭਾਈ ਮਰਦਾਨੇ ਨੂੰ ਕਿਹਾ, 'ਮਰਦਾਨਿਆ ! ਛੇੜ ਰਬਾਬ, ਬਾਣੀ ਆਈ ਏ ।' ਮਰਦਾਨੇ ਨੇ ਹੁਕਮ ਮੰਨਿਆ । ਰਬਾਬ ਵੱਜਣ ਲੱਗ ਪਈ । ਗੁਰੂ ਜੀ ਨੇ ਉੱਚੀ, ਸੁਰੀਲੀ, ਦਰਦ-ਭਰੀ ਤੇ ਕਲੇਜੇ ਵਿੰਨ੍ਹਣ ਵਾਲੀ ਅਵਾਜ਼ ਵਿੱਚ ਇਸ ਮੌਕੇ 'ਤੇ ਢੁਕਵੇਂ ਇਕ ਸ਼ਬਦ ਦਾ ਕੀਰਤਨ ਅਰੰਭ ਕਰ ਦਿੱਤਾ । ਇਹ ਕੀਰਤਨ ਦੂਰ-ਦੂਰ ਤੀਕ ਸੁਣਿਆ ਗਿਆ । ਕੈਦੀਆਂ ਨੂੰ ਆਪਣੇ ਦੁੱਖ ਹੌਲੇ ਜਾਪਣ ਲੱਗ ਪਏ । ਉਨ੍ਹਾਂ ਦੇ ਚਿਹਰਿਆਂ ਉਪਰੋਂ ਦੁੱਖ ਦੇ ਠੱਪੇ ਲੱਥ ਗਏ ਅਤੇ ਸ਼ਾਂਤੀ ਵਰਤ ਗਈ । ਮੀਰ ਖਾਂ ਹੈਰਾਨ ਹੋ ਗਿਆ ।

ਜਾਂ ਡੇਰੇ ਪੁੱਜੇ ਤਾਂ ਸਭ ਨੂੰ ਚੱਕੀਆਂ ਦਿੱਤੀਆਂ ਗਈਆਂ ਕਿ ਫੌਜ ਵਾਸਤੇ ਆਟਾ ਪੀਹੋ । ਗੁਰੂ ਜੀ ਤੇ ਭਾਈ ਮਰਦਾਨੇ ਨੂੰ ਵੀ ਇਕ-ਇਕ ਚੱਕੀ ਮਿਲੀ । ਗੁਰੂ ਜੀ ਨਾਲੇ ਤਾਂ ਚੱਕੀ ਪੀਹੀ ਜਾਣ ਅਤੇ ਨਾਲੇ ਮਸਤ ਜਿਹੇ ਹੋ ਕੇ ਉੱਚੀ, ਮਿੱਠੀ, ਸੁਰੀਲੀ ਤੇ ਦਰਦ-ਭਰੀ ਆਵਾਜ਼ ਵਿੱਚ ਰੱਬੀ-ਬਾਣੀ ਦਾ ਕੀਰਤਨ ਕਰੀ ਜਾਣ । ਆਪ ਦਾ ਰੱਬੀ ਨਾਦ ਸੁਣ ਕੇ ਚੱਕੀ ਪੀਹਣ ਵਾਲਿਆਂ ਨੂੰ ਆਪਣੇ ਦੁੱਖ ਭੁੱਲ ਗਏ । ਉਹ ਮਗਨ ਜਿਹੇ ਹੋ ਕੇ, ਅੱਖੀਂ ਮੀਟੀ-ਚੱਕੀਆਂ ਚਲਾਈ ਗਏ ।

ਬਾਬਰ ਦੇ ਆਦਮੀ ਵੀ ਵਜ਼ਦ ਜਿਹੇ ਵਿੱਚ ਆ ਗਏ । ਉਨ੍ਹਾਂ ਨੇ ਬਾਬਰ ਨੂੰ ਜਾ ਖਬਰ ਕੀਤੀ । ਉਹ ਆਇਆ ਅਤੇ ਗੁਰੂ ਜੀ ਦੇ ਰੱਬੀ-ਨੂਰ ਭਰੇ ਚਿਹਰੇ ਨੂੰ ਵੇਖ ਕੇ ਠਠੰਬਰ ਜਿਹਾ ਗਿਆ । ਉਹ ਕਹਿਣ ਲੱਗਾ, 'ਜੇ ਮੈਨੂੰ ਪਤਾ ਹੁੰਦਾ ਕਿ ਇਸ ਥਾਂ ਅਜਿਹੇ ਸਾਈਂ

ਲੋਕ ਹਨ, ਤਾਂ ਮੈਂ ਨਗਰ ਨੂੰ ਲੁੱਟਣ, ਉਜਾੜਨ ਦਾ ਹੁਕਮ ਨਾ ਦੇਂਦਾ।' ਫੇਰ ਉਸ ਨੇ ਗੁਰੂ ਜੀ ਤੋਂ ਮਾਫੀ ਮੰਗੀ ਤੇ ਕਿਹਾ, 'ਸਾਈਂ ਲੋਕੋ ! ਜਾਓ, ਤੁਸੀਂ ਆਜ਼ਾਦ ਹੋ।' ਪਰ ਗੁਰੂ ਜੀ ਨੇ ਕਿਹਾ, 'ਜੇ ਤੁਹਾਡਾ ਪਛੋਤਾਵਾ ਦਿਲੀ ਹੈ ਤਾਂ ਇਨ੍ਹਾਂ ਵਿਚਾਰਿਆਂ ਨੂੰ ਵੀ ਛੱਡੋ ਅਤੇ ਇਨ੍ਹਾਂ ਦਾ ਲੁੱਟਿਆ ਹੋਇਆ ਮਾਲ ਵੀ ਇਨ੍ਹਾਂ ਨੂੰ ਮੋੜ ਦਿਉ।' ਬਾਬਰ ਨੇ ਅਜਿਹਾ ਕਰਨ ਲਈ ਹੁਕਮ ਦੇ ਦਿੱਤੇ। ਫੇਰ ਉਸ ਨੇ ਗੁਰੂ ਜੀ ਤੋਂ ਅਸੀਸ ਮੰਗੀ। ਗੁਰੂ ਜੀ ਨੇ ਕਿਹਾ, 'ਦੇਸ਼ ਨੂੰ ਜਿੱਤ ਤਾਂ ਲਵੋਗੇ, ਪਰ ਇਸ ਨੂੰ ਆਪਣਾ ਬਣਾ ਕੇ, ਇਸ ਵਿੱਚ ਵਸਿਓ ਤੇ ਇਸ ਨੂੰ ਵਸਾਇਓ। ਲੋਕਾਂ ਨਾਲ ਧੱਕੇ ਜ਼ੁਲਮ ਨਾ ਕਰਨਾ। ਨਿਆਂ ਤੇ ਮਿਹਰ ਵਾਲਾ ਰਾਜ ਕਰਿਓ। ਜੂਆ, ਸ਼ਰਾਬ ਆਦਿ ਦੀਆਂ ਭੈੜੀਆਂ ਵਾਦੀਆਂ ਛੱਡੋ ਅਤੇ ਖੁਦਾ ਨੂੰ ਚੇਤੇ ਰੱਖੋ।'

ਬਾਬਰ ਨੇ ਇਨ੍ਹਾਂ ਬਚਨਾਂ ਨੂੰ ਸਤਿਕਾਰ ਨਾਲ ਸੁਣਿਆ ਅਤੇ ਇਨ੍ਹਾਂ ਦੀ ਪਾਲਨਾ ਕਰਨ ਦਾ ਪ੍ਰਣ ਕੀਤਾ। ਉਸ ਨੇ ਇਹ ਪ੍ਰਣ ਅਖੀਰ ਦਮ ਤੀਕ ਨਿਭਾਇਆ।

ਕੁਝ ਚਿਰ ਹੋਰ ਐਮਨਾਬਾਦ ਰਹਿ ਕੇ ਅਤੇ ਲੋਕਾਂ ਦਾ ਦੁੱਖ ਵੰਡਾ ਕੇ, ਗੁਰੂ ਜੀ ਕਰਤਾਰਪੁਰ ਵੱਲ ਨੂੰ ਤੁਰ ਪਏ। ਕਈਆਂ ਨਗਰਾਂ, ਕਸਬਿਆਂ ਤੇ ਸ਼ਹਿਰਾਂ ਨੂੰ ਤਾਰਦੇ ਹੋਏ ਆਪ ਸੰਮਤ ੧੫੭੯ ਵਿੱਚ ਕਰਤਾਰਪੁਰ ਪਹੁੰਚ ਗਏ। ਇਸ ਤਰ੍ਹਾਂ ਆਪ ਦੀ ਚੌਥੀ ਉਦਾਸੀ ਸੰਪੂਰਨ ਹੋਈ।

ਉਸੇ ਸਾਲ (ਸੰਮਤ ੧੫੭੯ ਵਿੱਚ) ਆਪ ਦੇ ਮਾਤਾ ਪਿਤਾ ਦਾ ਅਕਾਲ ਚਲਾਣਾ ਹੋਇਆ।

* * *



## ਕਾਂਡ ੧੯
## ਮੁੜ ਪੰਜਾਬੇ

ਗੁਰੂ ਜੀ ਦੀਆਂ ਚਾਰੇ ਉਦਾਸੀਆਂ ਪੂਰੀਆਂ ਹੋਈਆਂ। ਉਹ ੧੫੫੪ ਤੋਂ ਸ਼ੁਰੂ ਹੋ ਕੇ ੧੫੭੯ ਵਿੱਚ ਮੁੱਕੀਆਂ। ਇਸ ਸਮੇਂ ਵਿੱਚ ਆਪ ਨੇ ਇੰਨੇ ਦੇਸ਼ਾਂ ਦੇ ਚੱਕਰ ਲਾਏ ਜਿਨ੍ਹਾਂ ਨੂੰ ਗਾਹੁਣਾ ਅੱਜ ਕਲ੍ਹ ਦੀਆਂ ਸਫਰੀ ਸਹੂਲਤਾਂ ਦੇ ਹੁੰਦਿਆਂ ਵੀ ਬੜਾ ਔਖਾ ਹੈ। ਇਹ ਸਭ ਪੈਂਡੇ ਆਪ ਨੇ ਕਰਤਾਰ ਦੇ ਹੁਕਮ ਵਿੱਚ 'ਧਰਤ ਲੁਕਾਈ' ਨੂੰ ਸੋਧਣ ਅਤੇ 'ਜਗਤ ਜਲੰਦੇ' (ਜਲ ਰਹੀ ਪ੍ਰਿਥਵੀ ਵਿੱਚ ਠੰਡ ਵਰਤਾਉਣ ਲਈ ਕੀਤੇ)।

ਸਿੱਖੀ ਜੀਵਨ ਦੇ ਪੂਰਨੇ—ਚਹੁੰ ਵੱਡੀਆਂ ਉਦਾਸੀਆਂ ਮਗਰੋਂ ਗੁਰੂ ਜੀ ਅੱਠ ਕੁ ਸਾਲ ਲਗਾਤਾਰ ਕਰਤਾਰਪੁਰ ਟਿਕੇ। ਉਦਾਸੀਆਂ ਸਮੇਂ ਜਿਹੜਾ ਸਾਧੂਆਂ ਫਕੀਰਾਂ ਵਾਲਾ ਬਾਣਾ ਆਪ ਨੇ ਪਹਿਨਿਆ ਸੀ, ਉਹ ਲਾਹ ਦਿੱਤਾ।* ਇਹ ਵੀ ਇਕ ਭਰਮ-ਤੋੜੂ ਇਨਕਲਾਬੀ ਕੰਮ ਸੀ। ਉਸ ਸਮੇਂ ਦੇ ਖਿਆਲਾਂ ਤੇ ਰਿਵਾਜ ਮੂਜਬ ਜਿਹੜਾ ਬੰਦਾ ਇਕ ਵੇਰ ਘਰ-ਬਾਰ ਛੱਡ ਕੇ ਸਾਧੂ ਬਾਣਾ ਧਾਰ ਕੇ ਸਾਧੂ ਹੋ ਜਾਵੇ, ਉਹ ਫਿਰ ਗ੍ਰਿਹਸਤੀ ਲਿਬਾਸ ਨਹੀਂ ਸੀ ਪਹਿਨ ਸਕਦਾ। ਗੁਰੂ ਜੀ ਨੇ ਇਹ ਭਰਮ ਤੋੜਿਆ। ਉਹ ਦੱਸਣਾ ਚਾਹੁੰਦੇ ਸਨ ਕਿ ਸੱਚੇ ਧਰਮ ਦੇ ਅਸੂਲਾਂ ਦੀ ਪਾਲਨਾ ਕਰਨ ਵਾਲਾ ਬੰਦਾ ਭਾਵੇਂ ਕੋਈ ਪਹਿਰਾਵਾ ਜਾਂ ਲਿਬਾਸ ਪਹਿਨ ਲਵੇ, ਉਹ ਧਰਮੀ ਹੀ ਰਹਿੰਦਾ ਹੈ।

ਜਿਹੜਾ ਉਪਦੇਸ਼ ਗੁਰੂ ਜੀ ਨੇ ਜਗਤ ਭਰ ਦੇ ਇਨਸਾਨਾਂ ਨੂੰ ਦਿੱਤਾ ਸੀ, ਆਪ ਉਸ ਨੂੰ ਹੁਣ ਕਮਾ ਕੇ ਵਿਖਾਉਣ ਲੱਗੇ। ਆਪ ਦੀ ਸਿੱਖਿਆ ਇਹ ਸੀ ਕਿ ਅਸਲੀ ਧਰਮ ਦੀ ਸੋਝੀ ਵਾਲਾ ਬੰਦਾ

*ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
(ਭਾਈ ਗੁਰਦਾਸ, ਵਾਰ ੧, ੩੮)

ਮਿਹਨਤ ਨਾਲ ਧਰਮ ਦੀ ਕਿਰਤ ਕਰ ਕੇ, ਰੋਜ਼ੀ ਕਮਾਉਂਦਾ ਹੈ ਅਤੇ ਵੰਡ ਕੇ ਛਕਦਾ ਹੈ, ਧਰਮ ਇਹ ਹੈ ਕਿ ਬੰਦਾ ਗ੍ਰਿਹਸਤੀ ਹੁੰਦਾ ਹੋਇਆ ਵੀ ਤਿਆਗੀ ਜਾਂ ਸੰਨਿਆਸੀ ਰਹੇ, ਦੁਨੀਆਂ ਦੇ ਕੰਮਾਂ, ਵਿਹਾਰਾਂ ਤੇ ਫਰਜ਼ਾਂ ਨੂੰ ਯੋਗਤਾ ਨਾਲ ਨਿਬਾਹਵੇ, ਪਰ ਮਾਇਆ ਦੇ ਲਾਲਚ ਵਿੱਚ ਫਸ ਕੇ ਖੱਚਤ ਨਾ ਹੋਵੇ, ਹੱਥ ਕਾਰ ਵਿੱਚ ਅਤੇ ਦਿਲ ਕਰਤਾਰ ਵੱਲ ਲਾਈ ਰੱਖੇ, ਆਪਣੇ ਟੱਬਰ ਦੀ ਵੀ ਪਾਲਨਾ ਕਰੇ, ਪਰ ਪਿਤਾ-ਪ੍ਰਮਾਤਮਾ ਦੇ ਟੱਬਰ, ਮਨੁੱਖ ਜਾਤ ਦੀ ਵੀ ਪ੍ਰੇਮ ਸਹਿਤ ਸੇਵਾ ਕਰੇ ਅਤੇ ਪਰਉਪਕਾਰ ਕਮਾਵੇ ।

ਇਹ ਉਪਦੇਸ਼ ਹੁਣ ਉਹ ਆਪ ਕਮਾ ਕੇ, ਸਿੱਖੀ ਜੀਵਨ ਦੇ ਪੂਰਨੇ ਪਾ ਕੇ, ਜਗਤ ਨੂੰ ਇਸ ਗ੍ਰਿਹਸਤ-ਉਦਾਸ ਦੇ ਮੇਲ ਵਾਲੇ ਜੀਵਨ ਦੀ ਜਾਚ ਸਿਖਾਉਣੀ ਚਾਹੁੰਦੇ ਸਨ ! ਉਹ ਵਾਹੀਕਾਰ ਕਿਰਸਾਨ ਬਣੇ । ਉਨ੍ਹਾਂ ਨੇ ਲਵੇਰੀਆਂ ਰੱਖੀਆਂ । ਉਨ੍ਹਾਂ ਨੇ ਆਏ ਗਏ ਹਰੇਕ ਲਈ ਅੰਨ-ਪਾਣੀ, ਦੁੱਧ-ਮੱਖਣ ਤੇ ਲੀੜੇ ਕੱਪੜੇ ਦਾ ਸਦਾ ਵਰਤ ਲਾ ਦਿੱਤਾ । ਉਹ ਪੈਲੀਆਂ ਵਿੱਚ ਕਿਰਸਾਨੀ ਕਰਦੇ ਸਨ, ਉਹ ਡੰਗਰਾਂ ਨੂੰ ਪੱਠਾ-ਦੱਥਾ ਪਾਉਂਦੇ-ਪਵਾਉਂਦੇ ਸਨ, ਉਹ ਲੰਗਰ ਵਿੱਚ ਵੀ ਸੇਵਾ ਕਮਾਉਂਦੇ ਸਨ, ਪਰ ਨਾਲ ਆਪ ਨੇ 'ਮੰਜੀ ਬੈਠਿ ਕੀਆ ਅਵਤਾਰਾ'* । ਆਪ ਈਸ਼ਵਰੀ ਗਿਆਨ, ਭਗਤੀ ਅਤੇ ਰੱਬੀ-ਕੀਰਤਨ ਦੇ ਖੁਲ੍ਹੇ ਗੱਫੇ ਵਰਤਾ ਕੇ ਲੋਕਾਂ ਨੂੰ ਆਤਮਿਕ ਖੁਰਾਕ ਨਾਲ ਵੀ ਰਜਾਉਂਦੇ ਸਨ । ਦੋਵੇਂ ਵੇਲੇ ਸਗਲੀ ਚਿੰਤ ਮਿਟਾਉਣ ਵਾਲੀ ਧੁਰ ਦੀ ਬਾਣੀ ਦਾ ਕੀਰਤਨ ਕਰਦੇ ਕਰਾਉਂਦੇ ਸਨ, ਧਰਮ ਦੇ ਅਸੂਲਾਂ ਦੀ ਵਿਆਖਿਆ ਕਰ ਕੇ ਦੱਸਦੇ ਸਨ ਕਿ ਇਨ੍ਹਾਂ ਦੀ ਨਿੱਤ ਦਿਹਾੜੀ ਦੇ ਜੀਵਨ ਵਿੱਚ ਕਿਵੇਂ ਵਰਤੋਂ ਕਰਨੀ ਹੈ, ਲੋਕਾਂ ਦੇ ਸ਼ੰਕੇ ਸੁਣਦੇ ਤੇ ਨਵਿਰਤ ਕਰਦੇ ਸਨ, ਤਪਤ ਹਿਰਦਿਆਂ ਨੂੰ ਸ਼ਾਂਤ ਕਰਦੇ ਸਨ ਅਤੇ ਸਭ ਨੂੰ ਜੀਅ-ਦਾਨ ਦੇ ਕੇ, ਭਗਤੀ ਵਿੱਚ ਲਾ ਕੇ ਹਰੀ ਨਾਲ ਜੋੜਦੇ ਸਨ।

*ਭਾਈ ਗੁਰਦਾਸ, ਵਾਰ ੧, ੩੮ ।



**ਅੱਚਲ ਵਟਾਲੇ ਸਿੱਧ-ਗੋਸ਼ਟ**— ਕਰਤਾਰਪੁਰ ਰਹਿੰਦਿਆਂ ਗੁਰੂ ਜੀ ਨੂੰ ਅੱਠ ਕੁ ਵਰ੍ਹੇ ਹੋ ਗਏ ਸਨ । ਗੁਰੂ ਜੀ ਦੇ ਉਪਦੇਸ਼ਾਂ ਤੇ ਜਤਨਾਂ ਦਾ ਸਦਕਾ ਜੋਗੀਆਂ ਦਾ ਤੋਰਾ ਟਿੱਕਾ ਅਤੇ ਲੋਕਾਂ ਉਤੇ ਦਬ-ਦਬਾ ਬਹੁਤ ਘਟ ਗਿਆ ਸੀ । ਗੁਰੂ ਜੀ ਨੇ ਉਨ੍ਹਾਂ ਦੇ ਵੱਡੇ-੨ ਸਭ ਅੱਡਿਆਂ, ਗੜ੍ਹਾਂ 'ਤੇ ਪਹੁੰਚ ਕੇ ਉਨ੍ਹਾਂ ਨੂੰ ਚਰਚਾ ਵਿੱਚ ਹਰਾਇਆ ਸੀ, ਪਰ ਜੋਗੀ ਹੁਣ ਇਹ ਜਤਨ ਕਰ ਰਹੇ ਸਨ ਕਿ ਆਪਣੇ ਤਪ ਤੇਜ਼ ਨੂੰ ਮੁੜ ਸੁਰਜੀਤ ਕੀਤਾ ਜਾਵੇ । ਸੰਮਤ ੧੫੯੬ ਵਿੱਚ ਗੁਰੂ ਜੀ ਨੂੰ ਪਤਾ ਲੱਗਾ ਕਿ ਅਚੱਲ-ਵਟਾਲੇ (ਗੁਰਦਾਸਪੁਰ) ਦੇ ਸ਼ਿਵਰਾਤਰੀ ਦੇ ਮੇਲੇ ਉੱਪਰ ਜੋਗੀਆਂ ਸਿੱਧਾਂ ਦਾ ਇਕ ਉਚੇਚਾ ਤੇ ਬਹੁਤ ਵੱਡਾ ਇਕੱਠ ਹੋਣ ਵਾਲਾ ਹੈ । ਇਸ ਮੌਕੇ 'ਤੇ ਜੋਗੀ ਆਪਣੇ ਘਟ ਚੁੱਕੇ ਤੇ ਲੋਪ ਹੋ ਰਹੇ ਤਪ-ਤੇਜ਼ ਨੂੰ ਸੁਰਜੀਤ ਕਰਨਾ ਚਾਹੁੰਦੇ ਸਨ । ਗੁਰੂ ਜੀ ਨੇ ਅੱਚਲ-ਵਟਾਲੇ ਪਹੁੰਚ ਕੇ ਜੋਗੀਆਂ ਨੂੰ ਅਖੀਰੀ ਤੇ ਲੱਕ-ਤੋੜ ਹਾਰ ਦੇਣ ਦਾ ਇਰਾਦਾ ਕੀਤਾ ਇਸ ਯਾਤਰਾ ਨੂੰ ਗੁਰੂ ਜੀ ਦੀ ਪੰਜਵੀਂ ਉਦਾਸੀ ਵੀ ਕਿਹਾ ਜਾਂਦਾ ਹੈ ।

ਉਥੇ ਪੁੱਜ ਕੇ ਗੁਰੂ ਜੀ ਭੀੜ ਤੋਂ ਜ਼ਰਾ ਹਟਵੇਂ ਬਹਿ ਗਏ, ਭਾਈ ਮਰਦਾਨਾ ਲੱਗ ਪਿਆ ਰਬਾਬ ਵਜਾਉਣ ਤੇ ਗੁਰੂ ਜੀ ਲੱਗ ਪਏ ਧੁਰ ਦੀ ਰੱਬੀ-ਬਾਣੀ ਦਾ ਕੀਰਤਨ ਕਰਨ । ਖਲਕਤ ਸਿੱਧਾਂ ਜੋਗੀਆਂ ਉਦਾਲਿਓਂ ਹਟ ਕੇ ਗੁਰੂ ਜੀ ਉਦਾਲੇ ਆ ਜੁੜੀ । ਜੋਗੀਆਂ ਨੂੰ ਗੁੱਸਾ ਆਇਆ । ਉਹ ਆ ਕੇ ਲੱਗ ਪਏ ਗੁਰੂ ਜੀ ਨਾਲ ਚਰਚਾ ਬਹਿਸ ਕਰਨ । ਪਹਿਲਾਂ ਤਾਂ ਗੁਰੂ ਜੀ ਨੂੰ ਲੋਕਾਂ ਦੀ ਨਜ਼ਰਾਂ ਵਿੱਚ ਡੇਗਣ ਲਈ ਉਨ੍ਹਾਂ ਦੇ ਮੁਖੀ ਭੰਗਰ ਨਾਥ ਜੋਗੀ ਨੇ ਕਿਹਾ, 'ਤੁਸਾਂ ਉਦਾਸੀ ਦਾ ਭੇਖ ਲਾਹ ਕੇ ਫਿਰ ਗ੍ਰਿਹਸਤੀ ਲਿਬਾਸ ਕਿਉਂ ਪਹਿਨ ਲਿਆ ਹੈ ? ਇਹ ਤੁਹਾਡਾ ਕੰਮ ਤਾਂ ਦੁੱਧ ਵਿੱਚ ਕਾਂਜੀ ਪਾਉਣ ਵਰਗਾ ਹੈ । ਜਿਵੇਂ ਫਿੱਟੇ ਦੁੱਧ ਵਿਚੋਂ ਮੱਖਣ ਹੱਥ ਨਹੀਂ ਆਉਂਦਾ, ਤਿਵੇਂ ਹੀ ਤੁਹਾਡਾ ਉਦਾਸ ਨਿਸਫਲ ਹੋ ਗਿਆ ਹੈ ।'

ਗੁਰੂ ਜੀ– 'ਜੋਗੀ ਜੀ, ਤੁਸੀਂ ਗ੍ਰਿਹਸਤੀਆਂ ਨੂੰ ਮਾੜਾ ਤੇ ਨੀਵਾਂ ਗਿਣਦੇ ਹੋ, ਪਰ ਉਨ੍ਹਾਂ ਦੇ ਹੀ ਦਰ 'ਤੇ ਜਾ ਕੇ ਤੁਸੀਂ ਅੰਨ-ਬਸਤਰ ਮੰਗਦੇ ਹੋ* । ਜਿਸ ਦਾ ਦਿੱਤਾ ਖਾਂਦੇ ਹੋ, ਉਸ ਨੂੰ ਨਿੰਦਦੇ ਹੋ ! ਇਹ ਕਿਧਰ ਦਾ ਤਿਆਗ ਹੈ ? ਤੁਸੀਂ ਹੋਰਨਾਂ ਦੀ ਕਮਾਈ ਦੇ ਆਸਰੇ ਵਿਹਲੇ ਰਹਿ ਕੇ ਪਿਆਲੇ ਪੀਂਦੇ ਅਤੇ ਐਸ਼ ਕਰਦੇ ਹੋ ਪਰ ਜਿਨ੍ਹਾਂ ਲੋਕਾਂ ਦੀ ਲਹੂ-ਪਾਣੀ ਇਕ ਕਰ ਕੇ ਕੀਤੀ ਕਮਾਈ ਉਪਰ ਤੁਸੀਂ ਪਲਦੇ ਹੋ, ਜਿਹੜੇ ਆਪਣੇ ਮੂੰਹਾਂ ਤੋਂ ਖੋਹ ਕੇ ਤੁਹਾਡੀਆਂ ਲੋੜਾਂ ਪੂਰੀਆਂ ਕਰਦੇ ਹਨ, ਉਨ੍ਹਾਂ ਨੂੰ ਤੁਸੀਂ ਨੀਵੇਂ ਗਿਣਦੇ ਹੋ, ਕਮਾਈ ਕਰਨੋਂ ਹਟ ਕੇ ਤੁਹਾਡੀ ਵਿਹਲੜ ਮੰਡਲੀ ਵਿੱਚ ਰਲ ਜਾਣਾ ਚੰਗਾ ਅਤੇ ਸੰਤਾਂ ਸਾਧਾਂ ਦਾ ਜੀਵਨ ਛੱਡ ਕੇ ਗ੍ਰਿਹਸਤੀ ਬਣਨਾ ਮਾੜਾ । ਇਹ ਚੰਗਾ ਜੋਗ ਹੈ ?'

'ਮੈਂ ਵੀ ਜੋਗ ਕਮਾਉਂਦਾ ਹਾਂ, ਪਰ ਮੇਰਾ ਜੋਗ ਹੋਰਵਾਂ ਹੈ। ਮੇਰਾ ਜੋਗ ਤਾਂ ਮੈਨੂੰ ਇਹ ਸਿਖਾਉਂਦਾ ਹੈ ਕਿ ਆਪਣੇ ਦੇਸ਼-ਭਰਾਵਾਂ ਵਿੱਚ ਰਹਿ ਕੇ ਪਿਆਰ, ਸੇਵਾ ਤੇ ਭਗਤੀ ਦਾ ਜੀਵਨ ਗੁਜ਼ਾਰੋ, ਦੁਨੀਆਂ ਦੇ ਸਭੇ ਫਰਜ਼ ਪੂਰੀ ਕੋਸ਼ਿਸ਼ ਤੇ ਯੋਗਤਾ ਨਾਲ ਨਿਭਾਹੁੰਦੇ ਹੋਏ ਵੀ ਕਰਤਾਰ ਨਾਲ ਜੁੜੇ ਰਹੋ, ਆਸਾਂ ਤੇ ਅੰਦੇਸਿਆਂ ਦੇ ਜਾਲ ਵਿੱਚ ਨਾ ਫਸੋ । ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚ ਕੇ ਆਪਣੇ ਮਨ ਨੂੰ ਜਿਤੋ, ਕਰਤਾਰ ਉਪਰ ਭਰੋਸਾ ਰੱਖ ਕੇ ਜੋ ਠੀਕ ਹੈ ਕਰੀ ਚੱਲੋ ਅਤੇ ਜਿੱਤ-ਹਾਰ ਜਾਂ ਫਲ ਵਾਲਾ ਮਾਮਲਾ ਰੱਬ 'ਤੇ ਛੱਡ ਛੱਡੋ, ਉਸ ਦੀ ਰਜ਼ਾ ਵਿੱਚ ਅਡੋਲ-ਚਿਤ ਰਹੋ, ਦੁਨੀਆਂ ਦੀਆਂ ਔਕੜਾਂ ਔਖਿਆਈਆਂ ਤੋਂ ਡਰ ਕੇ ਨੱਸੋ ਨਾ, ਜੰਗਲਾਂ ਪਹਾੜਾਂ ਵੱਲ ਭੱਜੋ ਨਾ, ਸਗੋਂ ਮਰਦ ਭਗਤਾਂ ਵਾਕਰ ਰੱਬ ਦੀ ਟੇਕ ਲੈ ਕੇ ਇਨ੍ਹਾਂ ਦਾ ਟਾਕਰਾ ਕਰੋ, ਜਿੱਤ-ਹਾਰ ਰੱਬ 'ਤੇ ਛੱਡੋ। ਮੈਂ ਤਾਂ ਇਹ ਜੋਗ ਕਮਾਉਂਦਾ ਹਾਂ ਅਤੇ ਅਜਿਹਾ ਜੋਗ ਹੀ ਹੋਰਨਾਂ

*ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂ ਕੇ ਘਰਿ ਮੰਗਣਿ ਜਾਈ ।

(ਭਾਈ ਗੁਰਦਾਸ, ਵਾਰ ੧,੪੦)



ਨੂੰ ਸਿਖਾਉਂਦਾ ਹਾਂ । ਤੁਹਾਨੂੰ ਵੀ ਲੋਕ-ਲਾਜ ਦੇ ਥੋਥੇ ਡਰ ਲਾਹ ਕੇ ਇਹ ਸੱਚਾ ਜੋਗ ਕਮਾਉਣਾ ਚਾਹੀਦਾ ਹੈ । ਕਾਹਨੂੰ ਕੁਰਾਹੇ ਪੈ ਕੇ ਆਪਣਾ ਜਨਮ ਗਵਾ ਰਹੇ ਹੋ ਅਤੇ ਹੋਰਨਾਂ ਨੂੰ ਕੁਰਾਹੇ ਪਾ ਕੇ ਸੱਚੇ ਧਰਮੀ ਜੀਵਨ ਤੋਂ ਦੂਰ ਲਿਜਾ ਰਹੇ ਹੋ ।*

ਗੁਰੂ ਜੀ ਦੇ ਬਚਨ ਸੁਣ ਕੇ ਜੋਗੀ ਨਿਰੁੱਤਰ ਹੋ ਗਏ । ਗੋਸ਼ਟ ਵਿੱਚ ਹਾਰ ਗਏ, ਪਰ ਉਨ੍ਹਾਂ ਦਾ ਹੰਕਾਰ ਅਜੇ ਨਾ ਟੁੱਟਾ। ਉਨ੍ਹਾਂ ਨੇ ਕਰਾਮਾਤਾਂ ਵਿਖਾ ਕੇ, ਕਈ ਤਰ੍ਹਾਂ ਦੇ ਡਰਾਉਣੇ ਰੂਪ ਧਾਰ-ਧਾਰ ਕੇ ਗੁਰੂ ਜੀ ਨੂੰ ਡਰਾਉਣ ਤੇ ਭਰਮਾਉਣ ਦੇ ਯਤਨ ਕੀਤੇ, ਪਰ ਗੁਰੂ ਜੀ ਕਰਤਾਰ ਦੇ ਧਿਆਨ ਵਿੱਚ ਅਡੋਲ ਬੈਠੇ ਇਹ ਸਭ ਤਮਾਸ਼ਾ ਵੇਖਦੇ ਰਹੇ,[1] ਜਦ ਕੁਝ ਅਸਰ ਹੁੰਦਾ ਨਾ ਵੇਖਿਆ ਤਾਂ ਗੁਰੂ ਜੀ ਪਾਸ ਆ ਕੇ–

*'ਸਿਧਿ ਬੋਲਨਿ ਸੁਣਿ ਨਾਨਕਾ*
*ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ।*
*ਕੁਝ ਵਿਖਾਲੇਂ ਅਸਾਂ ਨੋ, ਤੁਹਿ ਕਿਉਂ ਢਿਲ ਅਵੇਹੀ ਲਾਈ।'*

ਸਿੱਧਾਂ ਦੀ ਗੱਲ ਸੁਣ ਕੇ–

*'ਬਾਬਾ ਬੋਲੇ ਨਾਥ ਜੀ ! ਅਸਿ ਵੇਖਣਿ ਜੋਗੀ ਵਸਤੁ ਨ ਕਾਈ ।*
*ਗੁਰੁ-ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ ।*

. . . . . . . . .

*ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ ।'*[2]

ਜੋਗੀ ਹੁਣ ਨਿੱਸਲ ਹੋ ਗਏ ਤੇ ਹਾਰ ਮੰਨ ਕੇ ਵਿਦਾ ਹੋਏ। ਇਹ ਉਨ੍ਹਾਂ ਦਾ ਗੁਰੂ ਜੀ ਨਾਲ ਅਖੀਰੀ ਟਾਕਰਾ ਤੇ ਉਨ੍ਹਾਂ ਦੇ ਹੱਥੋਂ ਅਖੀਰੀ ਲੱਕ-ਤੋੜਵੀਂ ਹਾਰ ਸੀ । ਇਸ ਤੋਂ ਮਗਰੋਂ ਉਨ੍ਹਾਂ ਨੇ ਗੁਰੂ-ਘਰ ਨਾਲ ਮੱਥਾ ਲਾਉਣ ਦਾ ਕਦੇ ਹੀਆ ਨਾ ਕੀਤਾ ।

❀ ❀ ❀

*ਏਥੇ ਅਤੇ ਮਾਨਸਰੋਵਰ ਪਾਸ ਸਿੱਧਾਂ ਨਾਲ ਜੋ ਚਰਚਾ ਗੁਰੂ ਜੀ ਦੀ ਹੋਈ ਸੀ, ਉਸ ਸਾਰੀ ਨੂੰ ਗੁਰੂ ਜੀ ਨੇ ਸਿਧ ਗੋਸਟਿ ਨਾਂ ਦੀ ਬਾਣੀ ਦਾ ਰੂਪ ਦਿੱਤਾ ।

੧ ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ ।

੨ ਭਾਈ ਗੁਰਦਾਸ ਵਾਰ ੧, ਪੌ: ੪੨ ਤੇ ੪੩

## ਕਾਂਡ ੨੦

# ਮੁਲਤਾਨ ਫੇਰੀ, ਸੱਚ-ਖੰਡ ਵਾਪਸੀ

ਅੱਚਲ-ਵਟਾਲੇ ਦੇ ਮੇਲੇ 'ਤੇ ਸਿੱਧਾਂ ਨੂੰ ਨਿਵਾ ਕੇ ਗੁਰੂ ਜੀ ਮੁਲਤਾਨ ਗਏ ਓਥੇ ਮੁਸਲਮਾਨ ਪੀਰ-ਫਕੀਰ ਲੋਕਾਂ ਨੂੰ ਭਰਮਾਂ-ਵਹਿਮਾਂ ਵਿੱਚ ਫਸਾ ਕੇ ਕੁਰਾਹੇ ਪਾਉਂਦੇ ਤੇ ਤੰਗ ਕਰਦੇ ਸਨ। ਗੁਰੂ ਜੀ ਪਹਿਲਾਂ ਭਗਤ ਪ੍ਰਹਿਲਾਦ ਅਤੇ ਸ਼ਮਸ ਤਬਰੇਜ਼ ਦੇ ਅਸਥਾਨਾਂ 'ਤੇ ਗਏ, ਓਥੇ ਲੋਕਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਸ਼ਹਿਰੋਂ ਬਾਹਰ ਜਾ ਟਿਕੇ।

ਮੁਲਤਾਨ ਸ਼ਹਿਰ ਪੀਰਾਂ-ਫਕੀਰਾਂ ਨਾਲ ਭਰਪੂਰ ਸੀ। ਉਨ੍ਹਾਂ ਨੂੰ ਫਿਕਰ ਪੈ ਗਿਆ ਕਿ ਗੁਰੂ ਨਾਨਕ ਜੀ ਨੇ ਏਥੇ ਡੇਰਾ ਲਾ ਲਿਆ ਤਾਂ ਸਾਡੇ ਵਾਲਾ ਖੇਲ ਤਾਂ ਖਤਮ ਹੋ ਜਾਵੇਗਾ। ਉਨ੍ਹਾਂ ਨੇ ਦੁੱਧ ਦਾ ਨਕਾ-ਨਕ ਭਰਿਆ ਹੋਇਆ ਇਕ ਕਟੋਰਾ ਗੁਰੂ ਜੀ ਨੂੰ ਭੇਜਿਆ। ਉਨ੍ਹਾਂ ਦਾ ਭਾਵ ਗੁਰੂ ਜੀ ਨੂੰ ਇਹ ਦੱਸਣ ਦਾ ਸੀ ਕਿ ਮੁਲਤਾਨ ਅੱਗੇ ਹੀ ਪੀਰਾਂ-ਫਕੀਰਾਂ ਨਾਲ ਨਕਾ-ਨਕ ਭਰਿਆ ਹੋਇਆ ਹੈ, ਇਥੇ ਹੋਰ ਕਿਸੇ ਸਾਧੂ, ਫਕੀਰ, ਜੋਗੀ ਦੀ ਥਾਂ ਨਹੀਂ।

ਗੁਰੂ ਜੀ ਨੇ ਮਲਕੜੇ ਜਿਹੇ ਦੁੱਧ ਦੇ ਉਪਰ ਚੰਬੇਲੀ ਦਾ ਫੁੱਲ ਟਿਕਾ ਦਿੱਤਾ ਅਤੇ ਕਟੋਰਾ ਵਾਪਸ ਭੇਜ ਦਿੱਤਾ। ਇਸ ਤੋਂ ਆਪ ਦਾ ਭਾਵ ਇਹ ਸੀ ਕਿ ਜਿਵੇਂ ਇਸ ਦੁੱਧ ਦੇ ਭਰੇ ਹੋਏ ਕਟੋਰੇ ਵਿੱਚ ਇਸ ਫੁੱਲ ਲਈ ਥਾਂ ਹੈ, ਤਿਵੇਂ ਹੀ ਮੁਲਤਾਨ ਵਿੱਚ ਅਤੇ ਮੁਲਤਾਨੀਆਂ ਦੇ ਮਨਾਂ ਵਿੱਚ ਸਾਡੇ ਜੋਗੀ ਬਥੇਰੀ ਥਾਂ ਹੈ। ਅਸੀਂ ਦੁੱਧ ਉਪਰਲੇ ਫੁੱਲ ਵਾਂਗ ਪੀਰਾਂ-ਫਕੀਰਾਂ ਦੇ ਉਪਰ ਰਹਾਂਗੇ, ਪਰ ਕਿਸੇ ਦੇ ਸਿਰ ਭਾਰ ਹੋ ਕੇ ਨਹੀਂ ਰਹਿੰਦੇ, ਕਿਸੇ ਦਾ



ਥਾਂ ਨਹੀਂ ਖੋਂਹਦੇ।*

ਇਸ ਮਗਰੋਂ ਉਥੇ-ਉਥੇ ਪੀਰ-ਫਕੀਰ ਗੁਰੂ ਜੀ ਨਾਲ ਚਰਚਾ ਬਹਿਸ ਕਰਨ ਲਈ ਆਏ, ਪਰ ਹਾਰ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਸੱਚੀ ਫ਼ਕੀਰੀ, ਸੱਚੀ ਬੰਦਗੀ ਤੇ ਸੱਚੇ ਤਿਆਗ ਦਾ ਰਾਹ ਦੱਸਿਆ। ਉਹ ਸਭੇ ਗੁਰੂ ਜੀ ਦੀ ਚਰਨੀਂ ਪਏ।

ਉਸ ਦਿਨ ਤੋਂ ਸੂਫੀ ਫਕੀਰ ਗੁਰੂ ਜੀ ਨੂੰ ਆਪਣਾ ਗੁਰੂ ਅਤੇ ਧਾਰਮਕ ਆਗੂ ਮੰਨਣ-ਕਹਿਣ ਲੱਗ ਪਏ। ਉਨ੍ਹਾਂ ਵਿਚੋਂ ਇਕ ਪੀਰ ਬਹਾਉੱਦੀਨ ਤਾਂ ਕਈ ਵੇਰ ਕਾਹਬੇ ਵੱਲੋਂ ਹਟ ਕੇ ਕਰਤਾਰਪੁਰ ਵੱਲ ਮੂੰਹ ਕਰ ਕੇ ਨਮਾਜ਼ ਪੜ੍ਹਿਆ ਕਰਦਾ ਸੀ।

ਗੁਰ-ਗੱਦੀ– ਮੁਲਤਾਨ ਤੋਂ ਵਾਪਸ ਮੁੜ ਕੇ ਗੁਰੂ ਜੀ ਸੰਮਤ ੧੫੮੮ ਵਿੱਚ ਕਰਤਾਰਪੁਰ ਪੁੱਜੇ। ਓਥੇ ਉਨ੍ਹਾਂ ਨੇ ਫੇਰ ਉਹੋ ਹੀ ਰੱਬ ਦੀ ਭਗਤੀ ਅਤੇ ਰੱਬ ਦੇ ਜਾਇਆਂ ਦੀ ਸੇਵਾ ਦੀ ਕਾਰ ਜਾਰੀ ਰੱਖੀ, ਆਈਆਂ ਸੰਗਤਾਂ ਦੇ ਤਨਾਂ, ਮਨਾਂ ਤੇ ਆਤਮਾ ਨੂੰ ਬਲਵਾਨ ਤੇ ਨਰੋਏ ਕਰਨ ਵਾਲੀ ਖੁਰਾਕ ਦੇ ਅਤੁੱਟ ਸਦਾ-ਵਰਤ ਲਾ ਰੱਖੇ। ਆਪ ਦੇ ਦਰਬਾਰ ਵਿੱਚ ਵੀ ਅਤੇ ਲੰਗਰ ਵਿੱਚ ਵੀ, ਸੰਗਤ ਵਿੱਚ ਵੀ ਤੇ ਪੰਗਤ ਵਿੱਚ ਵੀ, ਉਚ-ਨੀਚ, ਛੂਤ-ਅਛੂਤ, ਅਮੀਰ-ਗਰੀਬ, ਹਿੰਦੂ-ਮੁਸਲਮਾਨ ਆਦਿ ਦਾ ਕੋਈ ਵਿਤਕਰਾ ਨਹੀਂ ਸੀ।

ਸੰਮਤ ੧੫੮੯ ਵਿੱਚ ਭਾਈ ਲਹਿਣਾ ਜੀ ਗੁਰੂ ਜੀ ਦੇ ਦਰ 'ਤੇ ਆਏ, ਸਿੱਖੀ ਦੀ ਦਾਤ ਪ੍ਰਾਪਤ ਕਰ ਕੇ ਪੂਰਨ ਸ਼ਰਧਾ ਪ੍ਰੇਮ

*ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ।
ਜਿਉ ਸਾਗਰਿ ਵਿਚਿ ਗੰਗ ਸਮਾਈ ॥੪੪॥
(ਭਾਈ ਗੁਰਦਾਸ, ਵਾਰ ੧)

ਨਾਲ ਅਤੇ ਆਗਿਆਕਾਰ ਬਣ ਕੇ ਸੇਵਾ ਕਰਨ ਲੱਗ ਪਏ । ਉਨ੍ਹਾਂ ਦਾ ਭਰੋਸਾ, ਸਿੱਖੀ-ਸਿਦਕ, ਯੋਗਤਾ, ਆਗਿਆਕਾਰੀ ਅਤੇ ਸਿੱਖੀ ਸ਼ਰਧਾ ਵੇਖ ਕੇ ਗੁਰੂ ਜੀ ਬੜੇ ਖੁਸ਼ ਹੋਏ । ਕਈ ਵੇਰ ਪਰਖ-ਪ੍ਰੀਖਿਆ ਕਰਨ ਮਗਰੋਂ ਗੁਰੂ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰ-ਗੱਦੀ ਦਾ ਕੰਮ ਸੰਭਾਲਣ ਦੇ ਸਭ ਤੋਂ ਵਧੇਰੇ ਯੋਗ ਅਤੇ ਪੂਰੀ ਤਰ੍ਹਾਂ ਯੋਗ ਸਮਝਿਆ । ਹਾੜ ਵਦੀ ੧੩ (੧੭ ਹਾੜ) ਸੰਮਤ ੧੫੯੬ (੧੪ ਜੂਨ ਸੰਨ ੧੫੩੯) ਨੂੰ ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਬਾਬਾ ਬੁੱਢਾ ਜੀ ਪਾਸੋਂ ਤਿਲਕ ਦੀ ਮਰਯਾਦਾ ਕਰਵਾਈ, ਉਨ੍ਹਾਂ ਦਾ ਨਾਂ ਆਪ ਨੇ ਅੰਗਦ ਰਖਿਆ ।

ਬਾਬਾ ਸਿਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਪਰਖਾਂ ਪਰਤਾਂਦਿਆਂ ਵਿੱਚ ਰਹਿ ਗਏ ਸਨ, ਪਰ ਫੇਰ ਵੀ ਉਨ੍ਹਾਂ ਨੇ ਇਸ ਚੋਣ 'ਤੇ ਗੁੱਸਾ ਕੀਤਾ । ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਗੁਰ-ਗੱਦੀ ਜੱਦੀ ਸ਼ੈਅ ਨਹੀਂ ਜੋ ਪੁੱਤਾਂ ਨੂੰ ਹੀ ਮਿਲੇ । ਇਹ ਤਾਂ ਰੱਬ ਦੀ ਦਾਤ ਹੈ ਅਤੇ ਜਿਸ ਨੂੰ ਰੱਬ ਇਸ ਦੇ ਯੋਗ ਬਣਾਉਂਦਾ ਹੈ, ਉਹੋ ਹੀ ਇਸ ਨੂੰ ਪ੍ਰਾਪਤ ਕਰਦਾ ਹੈ ।

ਗੁਰਿਆਈ ਸੌਂਪਣ ਮਗਰੋਂ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਖਡੂਰ ਸਾਹਿਬ ਜਾ ਟਿਕਣ ਦੀ ਆਗਿਆ ਕੀਤੀ ।

ਸੱਚ-ਖੰਡ ਵਾਪਸੀ– ਕਰਤਾਰ ਵਲੋਂ ਸੌਂਪੀ ਹਰ ਕਾਰ ਨੂੰ ਭਲੀ ਪ੍ਰਕਾਰ ਨਿਬਾਹ ਕੇ ਗੁਰੂ ਨਾਨਕ ਦੇਵ ਜੀ ਅੱਸੂ ਵਦੀ ੧੦ (੭ ਅੱਸੂ) ਸੰਮਤ ੧੫੯੬, ਮੁਤਾਬਕ ੭ ਸਤੰਬਰ ਸੰਨ ੧੫੩੯ ਨੂੰ ਕਰਤਾਰਪੁਰ ਵਿੱਚ ਜੋਤੀ-ਜੋਤਿ ਸਮਾ ਗਏ ।

* * *



## ਸੈਂਚੀ ਦੂਜੀ

# ਸ੍ਰੀ ਗੁਰੂ ਅੰਗਦ ਦੇਵ ਜੀ

(ਸੰਮਤ ੧੫੬੧–੧੬੦੯ ਸੰਨ ੧੫੦੪–੧੫੫੨)